# ਹਰਚਰਨ ਸਿੰਘ ਦਾ ਨਾਟਕ ' ਕਲ੍ਹ, ਅਜ ਤੇ ਭਲਕ' : ਇੱਕ ਅਧਿਐਨ

ਡਾ. ਰਵਿੰਦਰ ਸਿੰਘ,

ਨਾਟਕ ਅਤੇ ਰੰਗਮੰਚ ਸਾਹਿਤ ਦੀ ਇਕ ਨਿਵੇਕਲੀ ਵਿਧਾ ਹੈ । ਇਸਦਾ ਅਧਿਐਨ ਅਤੇ ਅਧਿਆਪਨ ਹੋਰਨਾਂ ਸਾਹਿਤ ਰੂਪਾਂ ਦੇ ਅਧਿਐਨ ਤੇ ਅਧਿਆਪਨ ਨਾਲੋਂ ਵੱਖਰਾ ਹੈ । ਇਹ ਇਕ ਜਟਿਲ/ਗੁੰਝਲਦਾਰ ਸਾਹਿਤਕ ਰੂਪਾਕਾਰ ਹੈ ਜਿਸ ਦੀ ਰਚਨਾ ਸਧਾਰਣ ਤੌਰ 'ਤੇ ਦੋ ਸੁਤੰਤਰ ਕਲਾ ਰੂਪਾਂ (ਲਿਖਤੀ ਪਾਠ ਅਤੇ ਰੰਗਮੰਚੀ ਜਾਂ ਪ੍ਰਦਰਸ਼ਨੀ ਵਿਧਾ) ਦੇ ਗਠਜੋੜ ਨਾਲ ਹੁੰਦੀ ਹੈ । ਇਨ੍ਹਾਂ ਦੋਹਾਂ ਰੂਪਾਕਾਰਾਂ ਦਾ ਸੰਯੁਕਤ ਰੂਪ ਹੀ ਇਕ ਪੂਰਣ ਨਾਟਕ ਅਖਵਾ ਸਕਦਾ ਹੈ । ਦੋਹਾਂ ਵਿਚੋਂ ਇਕ ਰੂਪਾਕਾਰ ਦੀ ਅਣਹੋਂਦ ਨਾਲ ਇਹ ਜਾਂ ਤਾਂ ਕਥਾ ਹੋਵੇਗੀ ਜਾਂ ਫਿਰ ਸਿਰਫ ਅਦਾਕਾਰੀ । ਸਰਲ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਵਾਰਤਾਲਾਪੀ ਕਥਾ-ਰੂਪ ਦੀ ਰੰਗਮੰਚੀ ਪੇਸ਼ਕਾਰੀ ਹੀ ਨਾਟਕ ਹੈ । ਐਮ. ਏ. ਅਬ੍ਰਾਮਸ ਮੁਤਾਬਕ:-

"Drama is the literary form designed for the theater, here actors take the roles of the characters perform the indicated action and utter the written dialogue"

ਜਦੋਂ ਅਸੀਂ 'ਨਾਟਕ' ਸ਼ਬਦ ਵਰਤਦੇ ਹਾਂ ਤਾਂ ਉਸ ਵਿਚ ਰੰਗਮੰਚੀ ਵਿਧਾ ਹਮੇਸ਼ਾਂ ਸ਼ਾਮਲ ਹੁੰਦੀ ਹੈ । ਇਸ ਲਈ ਨਾਟਕ ਦੇ ਅਧਿਐਨ ਤੇ ਅਧਿਆਪਨ ਲਈ ਇਨ੍ਹਾਂ ਦੋਹਾਂ ਵਿਧਾਵਾਂ ਜਾਂ ਰੂਪਾਕਾਰਾਂ ਦੀ ਵੱਖੋ-ਵੱਖਰੀ ਸੂਝ ਬਹੁਤ ਆਵੱਸ਼ਕ ਹੈ । ਹੱਥਲੇ ਪਰਚੇ ਦਾ ਸਰੋਕਾਰ ਪੰਜਾਬੀ ਨਾਟਕ ਦੇ ਅਧਿਐਨ ਤੇ ਅਧਿਆਪਨ ਦੀਆਂ ਸਮਸਿਆਵਾਂ ਦੇ ਰੂਬਰੂ ਹੋਣ ਨਾਲ ਹੈ । ਪੰਜਾਬੀ ਨਾਟਕ ਨੂੰ ਹੋਰ ਗਹੁ ਨਾਲ ਸਮਝਣ ਲਈ ਸਾਨੂੰ ਸਮੁੱਚੇ ਪੰਜਾਬੀ ਨਾਟਕ ਦੇ ਨਿਕਾਸ ਅਤੇ ਵਿਕਾਸ ਦੇ ਪੜਾਵਾਂ ਉੱਪਰ ਇਕ ਝਾਤ ਮਾਰਨੀ ਜ਼ਰੂਰੀ ਜਾਪਦੀ ਹੈ ।

ਨਾਟਕ ਮੂਲ ਰੂਪ ਵਿਚ ਰੰਗਮੰਚ ਨਾਲ ਸੰਬੰਧਤ ਇਕ ਸਾਹਿਤਕ ਰੂਪਾਕਾਰ ਹੈ । ਜਿਵੇਂ ਸਾਹਿਤ ਭਾਸ਼ਾ ਦੀ ਮਦਦ ਨਾਲ ਸਮਾਜ ਤੇ ਸਭਿਆਚਾਰ ਦੇ ਸਰੋਕਾਰਾਂ ਨੂੰ ਵੱਖੋ-ਵੱਖਰੀਆਂ ਸੰਚਾਰ ਜੁਗਤਾਂ ਰਾਹੀਂ ਨਵੇਂ ਅਰਥ ਪ੍ਰਦਾਨ ਕਰਦਾ ਹੈ ਉਵੇਂ ਹੀ ਨਾਟਕ ਵੀ ਲਿਖਤ ਜਾਂ ਮੌਖਿਕ ਸਾਹਿਤਕ ਵਾਰਤਾਲਾਪੀ ਕਥਾਰੂਪ ਨੂੰ ਰੰਗਮੰਚੀ ਜੁਗਤਾਂ ਰਾਹੀਂ ਸ਼ਕਤੀਸ਼ਾਲੀ ਅਰਥ ਪ੍ਰਦਾਨ ਕਰਦਾ ਹੈ । ਨਾਟਕ ਸਾਹਿਤ ਦੇ ਹੋਰਨਾਂ ਰੂਪਾਂ ਨਾਲੋਂ ਇਸ ਕਰਕੇ ਵੀ ਸ਼ਕਤੀਸ਼ਾਲੀ ਹੈ ਕਿਉਂਕਿ ਇਨਸਾਨ ਦੇ ਮਨ ਉੱਪਰ ਅਖੀਂ ਵੇਖੀ ਘਟਨਾ ਦਾ ਵਧੇਰੇ ਅਸਰ ਹੁੰਦਾ ਹੈ ਤੇ ਨਾਟਕੀ ਸਾਹਿਤ ਦੀ ਸਾਰੀ ਬਣਤਰ ਇਸੇ ਨਜ਼ਰੀਏ ਤੋਂ ਬਣੀ ਹੁੰਦੀ ਹੈ । ਨਾਟਕ ਦਾ ਸਰੋਕਾਰ ਪਾਠਕ ਨਾਲੋਂ ਦਰਸ਼ਕ ਨਾਲ ਵਧੇਰੇ ਹੁੰਦਾ ਹੈ । ਦਰਸ਼ਕਾਂ ਤਕ ਆਪਣੀ ਗੱਲ ਨੂੰ ਅਸਰਦਾਰ ਢੰਗ ਨਾਲ ਪਹੁੰਚਾਉਣ ਦੀ ਕਲਾ ਹੀ ਨਾਟ-ਕਲਾ ਹੈ ।ਨਾਟਕ ਦੇ ਇਸੇ ਸਰੋਕਾਰ ਨੂੰ ਧਿਆਨ ਵਿਚ ਰਖਦਿਆਂ ਨਾਟਕਕਾਰ ਨਾਟਕ ਨੂੰ ਸਭ ਤੋਂ ਪਹਿਲਾਂ ਆਪਣੇ ਮਨ ਵਿਚ ਵਿਉਂਤਬੱਧ ਕਰਦਾ ਹੈ ਤੇ ਉਸਨੂੰ ਖੇਡ ਕੇ ਵੇਖਦਾ ਹੈ । ਫਿਰ

ਉਸਨੂੰ ਲਿਖਤੀ ਰੂਪ ਦਿੰਦਾ ਹੈ । ਨਾਟਕ ਦੀ ਲਿਖਤ ਰੰਗਮੰਚੀ ਜੁਗਤਾਂ ਨੂੰ ਸ਼ਾਬਦਿਕ ਬਿੰਬਾਂ ਰਾਹੀਂ ਸਾਕਾਰ ਕਰਨ ਦਾ ਜਤਨ ਕਰਦੀ ਹੈ । ਨਾਟਕ ਵਿਚ ਮੰਚ ਪ੍ਰਸਤੁਤੀ ਦੀਆਂ ਸਾਰੀਆਂ ਹਿਦਾਇਤਾਂ ਨੂੰ ਬਾਰੀਕੀ ਨਾਲ ਦਰਜ ਕੀਤਾ ਜਾਂਦਾ ਹੈ । ਇਹ ਸਥਿਤੀ ਨਾਟਕ ਨੂੰ ਮੰਚ ਉੱਪਰ ਖੇਡੇ ਜਾਣ ਤੋਂ ਪਹਿਲਾਂ ਦੀ ਹੈ ।

ਨਾਟਕਕਾਰ ਆਪਣੇ ਮਨ ਵਿਚ ਪੂਰਾ ਰੰਗਮੰਚ ਚਿੱਤਰਦਾ ਅਤੇ ਸਿਰਜਦਾ ਹੈ । ਫਿਰ ਉਸ ਉੱਪਰ ਆਪਣੇ ਨਾਟਕ ਦੇ ਪਾਤਰਾਂ ਨੂੰ ਇਕ ਇਕ ਕਰਕੇ ਪਰਖਦਾ ਹੈ । ਨਾਟਕ ਦੇ ਤਣਾਓ ਨੂੰ ਮਹਿਸੂਸ ਕਰਦਾ ਹੈ। ਉਸਦੇ ਉਤਾਰ ਚੜਾਓ ਨੂੰ ਬਾਰੀਕਬੀਨੀ ਨਾਲ ਘੋਖਦਾ ਹੈ । ਫਿਰ ਇਹ ਲਿਖਤ ਰੰਗਮੰਚ ਉੱਪਰ ਖੇਡੇ ਜਾਣ ਲਈ ਤਿਆਰ ਹੁੰਦੀ ਹੈ । ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਨਾਟਕ ਦੀ ਵਿਚਾਰ ਸਥਿਤੀ ਤੋਂ ਲੈਕੇ ਉਸਦੇ ਲੇਖਨ ਤਕ ਹਰ ਪੜਾਅ ਉੱਤੇ ਇਕ ਸਟੇਜ ਜਾਂ ਰੰਗਮੰਚ ਨਾਟਕਕਾਰ ਦੇ ਜ਼ਹਿਨ ਵਿਚ ਮੌਜੂਦ ਰਹਿੰਦਾ ਹੈ । ਉਹ ਪੂਰਾ ਨਾਟਕ ਨਾਲੋ ਨਾਲ ਸਟੇਜ ਲਈ ਸਿਰਜ ਰਿਹਾ ਹੁੰਦਾ ਹੈ । ਨਾਟਕ ਰੰਗਮੰਚ ਤੋਂ ਬਿਨਾਂ ਅਧੂਰਾ ਹੁੰਦਾ ਹੈ ।

ਪੰਜਾਬੀ ਨਾਟਕ ਦਾ ਆਰੰਭ ਆਧੁਨਿਕ ਕਾਲ ਤੋਂ ਮੰਨਿਆ ਹੈ । ਪੰਜਾਬ ਵਿਚ ਨਾਟਕ ਦੀ ਪਰੰਪਰਾ ਲੰਮੇਂ ਸਮੇਂ ਤਕ ਟੁੱਟੀ ਰਹੀ, ਸਗੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਗੁਆਚ ਗਈ ਸੀ । ਪਰ ਇਸਦਾ ਅਰਥ ਇਹ ਨਹੀਂ ਕੱਢਿਆ ਜਾ ਸਕਦਾ ਕਿ ਲੋਕ ਨਾਟਕ ਦੇ ਰੂਪਾਕਾਰ ਤੋਂ ਨਾਵਾਕਫ਼ ਸਨ ।ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਅਨੁਸਾਰ:- ਪੰਜਾਬ ਵਿਚ ਰੰਗਮੰਚ ਦੀ ਪਰੰਪਰਾ ਢੇਰ ਪੁਰਾਣੀ ਹੈ । ਇਤਿਹਾਸਕ ਪ੍ਰਮਾਣਾਂ ਤੇ ਪੁਰਾਤੱਤਵ ਵਿਭਾਗ ਦੀਆਂ ਖੋਜਾਂ ਤੋਂ ਇਹ ਤੱਥ ਭਲੀ ਪ੍ਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਪੂਰਬ ਆਰੀਆਈ ਜਾਂ ਮਹਿੰਜੋਦਾਰੋ ਤੇ ਹੜੱਪਾ ਯੁੱਗ ਤੋਂ ਇਥੇ ਇਕ ਸੰਪੂਰਣ ਤੇ ਵਿਕਸਿਤ ਰੰਗਮੰਚ ਮੌਜੂਦ ਸੀ ।

ਮੱਧਕਾਲ ਜਾਂ ਮੁਗ਼ਲ ਕਾਲ ਤੋਂ ਪਹਿਲਾਂ ਭਾਰਤੀ ਨਾਟ-ਪਰੰਪਰਾ ਆਪਣੇ ਸਿਖ਼ਰ 'ਤੇ ਸੀ ਅਤੇ ਇਸਦਾ ਪ੍ਰਭਾਵ ਪੰਜਾਬ ਵਿਚ ਵੀ ਰਿਹਾ । ਭਾਵੇਂ ਸਾਨੂੰ ਪੰਜਾਬੀ ਵਿਚ ਕੋਈ ਲਿਖਤੀ ਨਾਟਕ ਨਹੀਂ ਮਿਲਦਾ ਪਰ ਸੰਸਕ੍ਰਿਤ ਨਾਟਕ ਦੀ ਇਕ ਅਮੀਰ ਪਰੰਪਰਾ ਨੇ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਆਪਣੇ ਪ੍ਰਭਾਵ ਹੇਠ ਰੱਖਿਆ ਹੋਇਆ ਸੀ । ਉਸੇ ਨਾਟ-ਕਲਾ ਦੇ ਅਭਿਨੈ ਅਤੇ ਰੰਗਮੰਚੀ ਚਿਹਨ ਸਾਨੂੰ ਕਿਸੇ ਨਾ ਕਿਸੇ ਰੂਪ 'ਚ ਪੰਜਾਬੀ ਸਾਹਿਤ ਵਿਚ ਵੀ ਮਿਲ ਜਾਂਦੇ ਹਨ । ਫਿਰ ਭਾਵੇਂ ਉਹ ਨਕਲਾਂ ਹੋਣ, ਰਾਸ ਹੋਵੇ ਜਾਂ ਰਾਮਲੀਲ੍ਹਾ ਆਦਿ, ਇਹ ਸਾਰੇ ਅਭਿਨੈ ਪੇਸ਼ਕਾਰੀ ਅਤੇ ਰੰਗਮੰਚੀ ਜੁਗਤਾਂ ਦੀ ਪੱਧਰ 'ਤੇ ਇਕ ਪਰੰਪਰਾ ਵਾਂਗ ਚਲਦੇ ਰਹੇ ਸਨ ਜਿਨ੍ਹਾਂ ਦਾ ਸਰੋਕਾਰ ਧਰਮ, ਹਾਸਾ-ਮਖੌਲ, ਵਿਅੰਗ-ਉਪਹਾਸ ਜਾਂ ਸੱਤਾ ਦੀ ਵਡਿਆਈ ਤਕ ਹੀ ਸੀਮਤ ਸੀ । ਪਰ ਇਕ ਹੋਰ ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਇਨ੍ਹਾਂ ਦਾ ਕੋਈ ਲਿਖਤੀ ਪਾਠ

ਮੌਜੂਦ ਨਹੀਂ ਸੀ । ਜੋ ਕੁਝ ਵੀ ਪੇਸ਼ ਕੀਤਾ ਜਾਂਦਾ ਸੀ ਉਸਦਾ ਅਧਾਰ ਪ੍ਰਚੱਲਤ ਮੌਖਿਕ ਕਥਾ-ਕਹਾਣੀਆਂ ਜਾਂ ਪੁਰਾਣਕ ਮਿਥਿਹਾਸ ਹੁੰਦਾ ਸੀ ਜਿਸ ਵਿਚ ਤਬਦੀਲੀ ਕਰਨ ਦੀ ਗੁੰਜਾਇਸ਼ ਨਾ-ਬਰਾਬਰ ਸੀ ।ਸਿੱਟੇ ਵਜੋਂ ਪੰਜਾਬੀ ਵਿਚ ਇਸ ਰੂਪਾਕਾਰ ਨੂੰ ਵਿਕਸਤ ਕਰਨ ਜਾਂ ਜਾਰੀ ਰੱਖਣ ਵਾਲੀ ਕੋਈ ਪ੍ਰਮਾਣਿਕ ਨਾਟ-ਲਿਖਤ ਸਾਹਮਣੇ ਨਹੀਂ ਆਈ ਜੋ ਕਿ ਨਾਟਕ ਦੇ ਰੂਪਾਕਾਰ ਨੂੰ ਇਕ ਪਰੰਪਰਾ ਵਜੋਂ ਕਾਇਮ ਰੱਖ ਸਕਣ ਦਾ ਦਾਅਵਾ ਕਰ ਸਕੇ ।

ਇਸ ਲਈ ਇਹ ਆਧੁਨਿਕ ਪੰਜਾਬੀ ਨਾਟਕ ਦੀ ਬੁਨਿਆਦ ਰੱਖਣ ਵਿਚ ਕਿਸੇ ਤਰ੍ਹਾਂ ਵੀ ਮਦਦਗਾਰ ਸਾਬਤ ਨਹੀਂ ਹੋ ਸਕੀ। ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋਣ ਦਾ ਇਕ ਪ੍ਰਮੁੱਖ ਕਾਰਣ ਮੱਧਕਾਲ ਦੇ ਸਮਾਜਿਕ ਅਤੇ ਰਾਜਨੀਤਕ ਹਾਲਾਤ ਸਨ । ਉਸ ਵੇਲੇ ਇਸਲਾਮ ਦੇ ਆਉਣ ਅਤੇ ਹਕੂਮਤ ਵਿਚ ਉਥਲ ਪੁਥਲ ਕਾਰਣ ਪੰਜਾਬ ਵਿਚ ਸੰਗੀਤ, ਕਲਾ ਅਤੇ ਹੋਰਨਾਂ ਕੋਮਲ ਕਲਾਵਾਂ ਦੇ ਵਿਕਾਸ ਨੂੰ ਢਾਹ ਲੱਗੀ । ਵੇਲੇ ਦੀ ਹਕੂਮਤ ਦਾ ਸਰੋਕਾਰ ਪੰਜਾਬ ਵਿਚ ਅਮਨ-ਅਮਾਨ ਕਾਇਮ ਕਰਨ ਦੀ ਥਾਂਵੇਂ ਆਪਣੇ ਧਰਮ ਦਾ ਕਿਸੇ ਵੀ ਹੀਲੇ ਪ੍ਰਚਾਰ ਕਰਨ ਨਾਲ ਸੀ । ਇਸ ਦੇ ਮੱਦੇ-ਨਜ਼ਰ ਹਾਕਮ-ਸ੍ਰੇਣੀ ਦੀ ਭਾਸ਼ਾ ਨੂੰ ਵਧੇਰੇ ਤਵੱਜੋ ਮਿਲੀ ਅਤੇ ਦੂਜੀਆਂ ਸਥਾਨਕ ਬੋਲੀਆਂ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਦੀ ਜਦੋ-ਜਹਿਦ ਵਿਚ ਰੁਝਣਾ ਪਿਆ ।

ਭਾਸ਼ਾਵਾਂ ਅਤੇ ਧਰਮ-ਸਭਿਆਚਾਰ ਦੇ ਇਸ ਘੋਲ ਨੇ ਪੰਜਾਬ ਦੀ ਧਰਤੀ ਨੂੰ ਇਕ ਰਣ-ਭੂਮੀਂ ਵਿਚ ਤਬਦੀਲ ਕਰ ਦਿੱਤਾ । ਇਸ ਤਰ੍ਹਾਂ ਦੀ ਅਵਿਵਸਥਾ ਵਿਚ ਕਿਸੇ ਵੀ ਤਰ੍ਹਾਂ ਦੇ ਸਾਹਿਤ, ਸੰਗੀਤ ਜਾਂ ਹੋਰਨਾਂ ਕੋਮਲ ਕਲਾਵਾਂ ਦਾ ਵਿਕਸਤ ਹੋਣਾ ਬਹੁਤ ਕਠਿਨ ਹੁੰਦਾ ਹੈ । ਪਰ ਇਸ ਦੌਰ ਨੇ ਪੰਜਾਬ ਅਤੇ ਪੂਰੀ ਮਾਨਵਤਾ ਨੂੰ ਇਕ ਨਵ-ਜਾਗ੍ਰਤੀ ਦਾ ਅਹਿਸਾਸ ਵੀ ਕਰਵਾਇਆ । ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪਰਿਸਥਿਤੀਆਂ ਵਿਚ ਹੀ ਇਕ ਸਮਨਵੈਕਾਰੀ ਸੋਚ ਪੈਦਾ ਕਰਨ ਵਿਚ ਸਫਲਤਾ ਹਾਸਲ ਕੀਤੀ । ਉਨ੍ਹਾਂ ਨੇ ਆਪਣਾ ਸਮੁੱਚਾ ਪ੍ਰਵਚਨ ਕਾਵਿਮਈ ਬਾਣੀ ਰਾਹੀਂ ਪ੍ਰਸਤੁੱਤ ਕੀਤਾ । ਇਸ ਬਾਣੀ ਦਾ ਪ੍ਰਮੁੱਖ ਸੁਰ ਅਧਿਆਤਮਕ ਸੀ ਜੋ ਕਿ ਸੂਫੀ ਅਤੇ ਭਗਤੀ ਕਾਵਿ ਨਾਲ ਮੇਲ ਖਾਂਦਾ ਸੀ । ਇਸ ਕਾਵਿ ਰਚਨਾ ਨੇ ਆਪਣੀ ਵੱਖਰੀ ਪਛਾਣ ਬਣਾਈ ਜਿਸਨੂੰ ਗੁਰਮਤਿ ਕਾਵਿ ਵਜੋਂ ਜਾਣਿਆ ਜਾਂਦਾ ਹੈ । ਜਿਵੇਂ ਅਸੀਂ ਉੱਪਰ ਵੀ ਜ਼ਿਕਰ ਕੀਤਾ ਹੈ ਕਿ ਮੱਧਕਾਲ ਦੇ ਇਸ ਦੌਰ ਵਿਚ ਇਸ ਵਿਸ਼ੇਸ਼ ਕਾਵਿ-ਰੂਪ ਤੋਂ ਇਲਾਵਾ ਹੋਰ ਕਲਾਵਾਂ ਵਧੇਰੇ ਵਿਕਸਤ ਨਹੀਂ ਹੋ ਸਕੀਆਂ । ਇਹ ਉੱਥਲ-ਪੁਥਲ ਦਾ ਦੌਰ ਕਾਫੀ ਲਮਾਂ ਸਮਾਂ ਚਲਦਾ ਰਿਹਾ ।

ਅੰਗ੍ਰੇਜ਼ਾਂ ਦੇ ਪੰਜਾਬ ਉੱਪਰ ਕਾਬਜ਼ ਹੋਣ ਉਪਰੰਤ ਪੰਜਾਬ ਵਿਚ ਵੱਖਰੇ ਕਿਸਮ ਦੀਆਂ ਗਤੀਵਿਧੀਆਂ ਦੀ ਸ਼ੁਰੂਆਤ ਹੋਈ । ਬਰਤਾਨਵੀ ਹਕੂਮਤ ਨੇ ਪੰਜਾਬ ਦੀ ਧਰਤੀ ਉੱਪਰ ਆਪਣੀ ਪਕੜ ਮਜ਼ਬੂਤ ਕਰਨ ਦੀ ਗਰਜ਼ ਨਾਲ ਤੇ

ਆਪਣੇ ਧਰਮ-ਸਭਿਆਚਾਰ ਦੇ ਪ੍ਰਚਾਰ ਲਈ ਅੰਗ੍ਰੇਜ਼ੀ ਭਾਸ਼ਾ ਅਤੇ ਸਾਹਿਤ ਦਾ ਸਹਾਰਾ ਲਿਆ । ਆਧੁਨਿਕ ਸਿਖਿਆ ਪ੍ਰਣਾਲੀ ਦੀ ਸ਼ੁਰੂਆਤ ਹੋਈ ਤੇ ਲੋਕ ਆਪਣੀ ਭਾਸ਼ਾ ਅਤੇ ਸਾਹਿਤ ਬਾਰੇ ਵੀ ਜਾਗਰੂਕ ਹੋਏ । ਪੰਜਾਬ ਵਿਚ ਅੰਗ੍ਰੇਜ਼ੀ ਸਭਿਆਚਾਰ ਅਤੇ ਸਾਹਿਤ ਦੇ ਪ੍ਰਭਾਵ ਕਾਰਣ ਹਰ ਪੱਧਰ ਉੱਤੇ ਵੱਡੀਆਂ ਤਬਦੀਲੀਆਂ ਵਾਪਰੀਆਂ ਜਿਸਦਾ ਅਸਰ ਅਸੀਂ ਆਧੁਨਿਕ ਪੰਜਾਬੀ ਸਾਹਿਤ ਉੱਪਰ ਸਹਿਜੇ ਹੀ ਵੇਖ ਸਕਦੇ ਹਾਂ ।

ਇਥੋਂ ਤਕ ਕਿ ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਵੀ ਬਰਤਾਨਵੀ ਹਕੂਮਤ ਦੇ ਪੰਜਾਬ ਉੱਪਰ ਕਾਬਜ ਹੋਣ ਤੋਂ ਬਾਅਦ ਹੀ ਮੰਨਿਆ ਗਿਆ ਹੈ । ਮੋਟੇ ਤੌਰ ‘ਤੇ ਉਸ ਸਮੇਂ ਪੰਜਾਬ ਨੇ ਵਿਗਿਆਨਕ ਸੋਚ ਅਤੇ ਤਰਕ ਅਧਾਰਤ ਇਕ ਆਧੁਨਿਕ ਯੁੱਗ ਵਿਚ ਪ੍ਰਵੇਸ਼ ਕੀਤਾ । ਇਸਨੇ ਪੰਜਾਬ ਦੇ ਲੋਕਾਂ ਦੀ ਸੋਚ ਨੂੰ ਵੀ ਹਲੂਣਾ ਦਿਤਾ । ਪੰਜਾਬੀ ਸਾਹਿਤ ਨੇ ਅੰਗ੍ਰੇਜ਼ੀ ਸਾਹਿਤ ਦੇ ਪ੍ਰਭਾਵ ਨੂੰ ਖੁਲ੍ਹੇ ਤੌਰ ‘ਤੇ ਕਬੂਲਿਆ ਅਤੇ ਆਪਣੇ ਆਪ ਨੂੰ ਉਸਦੇ ਮੇਚ ਕਰਨ ਦੀ ਚੇਸ਼ਟਾ ਵੀ ਸ਼ੁਰੂ ਕਰ ਦਿੱਤੀ । ਇਸਦੇ ਫਲਸਰੂਪ ਹਰ ਨਵੇਂ ਪੱਛਮੀ ਸਾਹਿਤ ਰੂਪਾਕਾਰ ਨੂੰ ਪੰਜਾਬੀ ਵਿਚ ਅਜ਼ਮਾਉਣ ਦੀ ਜੱਦੋ ਜਹੱਦ ਸ਼ੁਰੂ ਹੋ ਗਈ । ਸ਼ੁਰੂਆਤ ਵਿਚ ਪੂਰੀ ਤਰ੍ਹਾਂ ਪੱਛਮੀ ਤਰਜ਼ ਉੱਪਰ ਸਾਹਿਤ ਰਚਿਆ ਗਿਆ ਪਰ ਹੋਲੀ ਹੋਲੀ ਉਸ ਨਾਲ ਮੇਲ ਖਾਂਦੇ ਭਾਰਤੀ ਸਾਹਿਤਕ ਰੂਪਾਕਾਰਾਂ ਦੀ ਪਛਾਣ ਕਰਕੇ ਉਸਨੂੰ ਵੀ ਪੁਨਰ ਜੀਵਤ ਕਰਨ ਦੀ ਕੋਸ਼ਿਸ਼ ਕੀਤੀ ਗਈ ।

ਇਸੇ ਦੌਰਾਨ ਹੀ ਪੰਜਾਬੀ ਨਾਟਕ ਦਾ ਜਨਮ ਹੋਇਆ । ਪੰਜਾਬੀ ਦਾ ਪਹਿਲਾ ਨਾਟਕਕਾਰ ਆਈ. ਸੀ. ਨੰਦਾ ਨੂੰ ਮੰਨਿਆ ਜਾਂਦਾ ਹੈ ਜਿਸਨੇ ਲਹੌਰ ਦੇ ਦਿਆਲ ਸਿੰਘ ਕਾਲਜ ਵਿਚ ਨੌਰਾ ਰਿਚਰਡਜ਼ ਦੀ ਪ੍ਰੇਰਣਾ ਸਦਕਾ ਪੰਜਾਬੀ ਦਾ ਪਹਿਲਾ ਨਾਟਕ ‘ਦੁਲਹਨ’ ਲਿਖਿਆ ਅਤੇ ਉਸਨੂੰ ਸਟੇਜ ਉੱਪਰ ਪੇਸ਼ ਵੀ ਕੀਤਾ । ਪੰਜਾਬੀ ਦਾ ਪਹਿਲਾ ਇਕਾਂਗੀ ਨਾਟਕ ਹੋਣ ਕਾਰਣ ਜਦ ਅਸੀਂ ਇਸਦੇ ਗੁਣ-ਲੱਛਣਾਂ ਦੀ ਨਿਸ਼ਾਨਦੇਹੀ ਕਰਦੇ ਹਾਂ ਤਾਂ ਇਸ ਗਲ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਪੂਰੀ ਤਰ੍ਹਾਂ ਪੱਛਮੀ ਨਾਟਕ ਦੀ ਤਰਜ਼ ਉੱਪਰ ਹੀ ਲਿਖਿਆ ਗਿਆ । ਇਸਦੀ ਵਿਧੀ ਅਤੇ ਵਿਸ਼ਾ ਪੱਛਮੀ ਨਾਟਕ ਦੇ ਤੱਤਕਾਲੀ ਸਰੋਕਾਰਾਂ ਤੋਂ ਪ੍ਰਭਾਵਤ ਸੀ । ਇਹ ਨਾਟਕ ਪੰਜਾਬ ਦੇ ਸਮਾਜਕ ਸਰੋਕਾਰਾਂ ਨੂੰ ਯਥਾਰਥਵਾਦੀ ਵਿਧੀ ਰਾਹੀਂ ਪੇਸ਼ ਕਰਦਾ ਹੈ । ਉਸ ਵੇਲੇ ਪੱਛਮ ਵਿਚ ਜਿਸ ਕਿਸਮ ਦੇ ਨਾਟਕ ਲਿਖਣ ਦਾ ਰੁਝਾਨ ਸੀ ਉਹੀ ਪੰਜਾਬੀ ਸਾਹਿਤ ਵਿਚ ਵੀ ਵੇਖਣ ਨੂੰ ਮਿਲਦਾ ਹੈ ।

ਇਸ ਤੋਂ ਬਾਅਦ ਪੰਜਾਬੀ ਨਾਟਕ ਕਾਫੀ ਪ੍ਰਫੁਲਤ ਹੋਇਆ ਪਰ ਉਸਦਾ ਵਿਕਾਸ ਜ਼ਿਆਦਾ ਕਰਕੇ ਪੱਛਮ ਦੇ ਨਾਟਕ ਵੱਲ ਵੇਖਕੇ ਹੀ ਹੋ ਰਿਹਾ ਸੀ । ਜੋ ਨਵੇਂ ਪ੍ਰਯੋਗ ਉਥੇ ਹੋ ਰਹੇ ਸਨ ਪੰਜਾਬੀ ਵਿਚ ਵੀ ਉਨ੍ਹਾਂ ਨੂੰ ਵਰਤਣ ਦੀ ਇਕ ਲਹਿਰ ਚਲ ਪਈ ਸੀ । ਇਸੇ ਦੌਰਾਨ ਭਾਰਤੀ ਨਾਟ ਵਿਰਸੇ ਦੇ ਸ੍ਰੋਤਾਂ ਨੂੰ ਢੂੰਡ ਕੇ ਅਤੇ ਲੋਕ-ਸਾਹਿਤ ਦੇ ਵਿਰਸੇ ਦੀ

ਅਮੀਰੀ ਨੂੰ ਸਮਝਕੇ ਪੰਜਾਬੀ ਨਾਟਕ ਨੇ ਆਪਣੀ ਵੱਖਰੀ ਪਛਾਣ ਬਨਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ । ਆਂਚਲਿਕ ਨਾਟਕ ਦੀ ਸਫਲਤਾ ਅਤੇ ਖੂਬਸੂਰਤੀ ਦਾ ਮੁੱਖ ਕਾਰਣ ਵੀ ਇਹੀ ਰਿਹਾ ਹੈ । ਅਜੋਕੇ ਦੌਰ ਵਿਚ ਆਂਚਲਿਕ ਨਾਟਕ ਵਧੇਰੇ ਮਕਬੂਲ ਹੋਏ ਹਨ ਅਤੇ ਉਨ੍ਹਾਂ ਨੇ ਆਪਣੀ ਸਮਾਜਿਕ ਪ੍ਰਤਿਬੱਧਤਾ ਨੂੰ ਵੀ ਬਾਖੂਬੀ ਨਿਭਾਇਆ ਹੈ ।

ਪੰਜਾਬੀ ਨਾਟਕ ਦਾ ਸੁਤੰਤਰ ਵਿਕਾਸ ਉਦੋਂ ਹੀ ਸੰਭਵ ਹੋਇਆ ਜਦ ਥੀਮਕ ਪੱਧਰ ‘ਤੇ ਇਸਦਾ ਸਰੋਕਾਰ ਪੰਜਾਬੀ ਮਨੁੱਖ ਦੇ ਅਣਛੁਹੇ ਅਤੇ ਨਿਵੇਕਲੇ ਪੱਖਾਂ ਨਾਲ ਜੁੜਦਾ ਹੈ । ਇਸਦਾ ਭਾਵ ਇਹ ਹੈ ਕਿ ਕੋਈ ਵੀ ਨਾਟਕ ਦੋ ਧਰਾਤਲਾਂ ਉੱਤੇ ਸਥਾਪਤ ਹੁੰਦਾ ਹੈ; ਇਕ ਨਾਟਕ ਦਾ ਵਿਸ਼ਾ-ਵਸਤੂ ਅਤੇ ਦੂਜਾ ਉਸ ਨਾਟਕ ਦੀ ਬਣਤਰ ਜਿਸ ਵਿਚ ਨਾਟਕ ਦਾ ਪਲਾਟ, ਪਾਤਰ, ਤਨਾਓ ਆਦਿ ਨਾਟਕੀ-ਜੁਗਤਾਂ ਸ਼ਾਮਲ ਹੁੰਦੀਆਂ ਹਨ । ਪੰਜਾਬੀ ਨਾਟਕਕਾਰਾਂ ਨੇ ਪੰਜਾਬੀ ਨਾਟਕ ਦੀ ਆਪਣੀ ਵੱਖਰੀ ਪਛਾਣ ਸਥਾਪਤ ਕਰਨ ਦੀ ਯਾਤਰਾ ਦੌਰਾਨ ਨਾਟਕ ਦੇ ਇਨ੍ਹਾਂ ਤੱਤਾਂ ਅਤੇ ਜੁਗਤਾਂ ਨੂੰ ਪੰਜਾਬ ਦੇ ਸਥਾਨਕ ਅਤੇ ਵਿਸ਼ੇਸ਼ ਸਰੋਕਾਰਾਂ ਨਾਲ ਜੋੜਕੇ ਪੇਸ਼ ਕਰਨਾ ਸ਼ੁਰੂ ਕਰ ਦਿਤਾ । ਆਂਚਲਿਕ ਨਾਟਕ ਦੀ ਮਕਬੂਲੀਅਤ ਇਸਦਾ ਵੱਡਾ ਉਦਾਹਰਣ ਹੈ ਜੋ ਵਿਸ਼ਾ ਅਤੇ ਨਾਟਕੀ ਜੁਗਤਾਂ ਦੋਹਾਂ ਵਿਚ ਪੰਜਾਬੀ ਸਮਾਜ-ਸਭਿਆਚਾਰ ਅਤੇ ਲੋਕ-ਨਾਟ ਜੁਗਤਾਂ ਦੇ ਚਿਨ੍ਹਾਂ ਨੂੰ ਬਾਖੂਬੀ ਵਰਤਦਾ ਹੈ ।

ਵਿਸ਼ੇ-ਵਸਤੂ ਪੱਖੋਂ ਪੰਜਾਬੀ ਨਾਟਕ ਨੇ ਵਧੇਰੇ ਵਿਕਾਸ ਕੀਤਾ ਹੈ ਬੇਸ਼ਕ ਪੇਸ਼ਕਾਰੀ ਦੇ ਲਿਹਾਜ ਨਾਲੋਂ ਇਸ ਖੇਤਰ ਵਿਚ ਵਧੇਰੇ ਗੁੰਜਾਇਸ਼ ਵੀ ਸੀ । ਪੰਜਾਬੀ ਨਾਟਕ ਦਾ ਸਰੋਕਾਰ ਪੰਜਾਬ ਦੀਆਂ ਸਮਾਜਕ ਕੁਰੀਤੀਆਂ ਜਿਵੇਂ ਬਾਲ-ਵਿਵਾਹ, ਵਿਧਵਾ-ਵਿਆਹ, ਨਸ਼ਾਖੋਰੀ, ਭ੍ਰਿਸ਼ਟਾਚਾਰ ਆਦਿ ਨਾਲ ਤਾਂ ਰਿਹਾ ਹੀ ਹੈ ਸਗੋਂ ਨਾਟਕ ਦੇ ਵਿਕਾਸ ਨਾਲ ਇਸਨੇ ਮਾਨਵੀ ਰਿਸ਼ਤਿਆਂ ਦੀਆਂ ਗਹਿਰਾਈਆਂ ਵਿਚ ਝਾਕਣ ਦਾ ਜਤਨ ਵੀ ਕੀਤਾ ਹੈ । ਧਰਮ ਨੂੰ ਨਵੇਂ ਨੁਕਤੇ ਤੋਂ ਵੇਖਣ ਅਤੇ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਸ਼ਿੱਦਤ ਨਾਲ ਪੇਸ਼ ਕਰਨ ਵਿਚ ਵੀ ਸਫਲਤਾ ਹਾਸਲ ਕੀਤੀ ਹੈ । ਨਾਟਕ ਦੀ ਪੇਸ਼ਕਾਰੀ ਪੱਖੋਂ ਵੀ ਵਿਕਾਸ ਕਰਦਿਆਂ ਜਿੱਥੇ ਪੱਛਮੀ ਤਕਨੀਕੀ ਵਿਧੀਆਂ ਨੂੰ ਅਪਣਾਇਆ ਗਿਆ ਉਥੇ ਲੋਕ-ਨਾਟ ਦੀਆਂ ਪੇਸ਼ਕਾਰੀ ਜੁਗਤਾਂ ਜਿਵੇਂ ਸੂਤਰਧਾਰ, ਨਕਲਾਂ, ਗੀਤਾਂ ਆਦਿ ਨੂੰ ਵੀ ਪੰਜਾਬੀ ਨਾਟਕ ਦਾ ਪ੍ਰਮੁੱਖ ਪਛਾਣ ਚਿਨ੍ਹ ਬਣਾਇਆ ਗਿਆ ।

ਗੁਜ਼ਰਦੇ ਸਮੇਂ ਦੇ ਨਾਲ ਭਾਵੇਂ ਕਈ ਨਾਟਕਕਾਰਾਂ ਨੇ ਹੋਰ ਵੀ ਕਈ ਨਵੇਂ ਪ੍ਰਯੋਗ ਕੀਤੇ ਪਰ ਸਭ ਤੋਂ ਕਾਰਗਰ ਅਤੇ ਸਾਰਥਕ ਵਿਧੀ ਸਮਾਜਿਕ ਸਮੱਸਿਆਵਾਂ ਨੂੰ ਯਥਾਰਥਵਾਦੀ ਵਿਧੀ ਰਾਹੀਂ ਪੇਸ਼ ਕਰਨ ਦੀ ਹੀ ਰਹੀ ਹੈ । ਇਸ ਤਰ੍ਹਾਂ ਦੇ ਨਾਟਕਾਂ ਨਾਲ ਆਮ ਦਰਸ਼ਕ ਸਹਿਜੇ ਹੀ ਜੁੜ ਜਾਂਦੇ ਹਨ । ਅਤੇ ਨਾਟਕ ਵਾਸਤੇ ਦਰਸ਼ਕਾਂ ਦਾ ਹੋਣਾ ਬਹੁਤ ਅਹਿਮ ਹੈ । ਜੇਕਰ ਨਾਟਕ ਆਪਣੀ ਵਿਧੀ ਪੱਖੋਂ ਦਰਸ਼ਕ ਤੋਂ ਦੂਰ ਹੁੰਦਾ ਹੋਵੇ ਤਾਂ ਨਾਟਕ ਦੀ ਪੂਰਣਤਾ ਉਪਰ ਸਵਾਲੀਆ ਨਿਸ਼ਾਨ ਲੱਗ

ਜਾਂਦਾ ਹੈ । ਨਾਟਕ ਦਾ ਦਰਸ਼ਕ ਤਕ ਪਹੁੰਚਣਾ ਅਤੇ ਸੰਵਾਦ ਕਰ ਪਾਉਣਾ ਉਸਦਾ ਇਕ ਗੁਣ ਹੀ ਨਹੀਂ ਸਗੋਂ ਜ਼ਰੂਰਤ ਵੀ ਹੈ ।

ਪੰਜਾਬੀ ਨਾਟਕ ਦੀ ਪੜਚੋਲ ਵਾਸਤੇ ਹੱਥਲੇ ਪਰਚੇ ਵਿਚ ਪੰਜਾਬੀ ਦੇ ਇਕ ਪ੍ਰਸਿੱਧ ਨਾਟਕਕਾਰ ਹਰਚਰਨ ਸਿੰਘ ਦੇ ਨਾਟਕ 'ਕਲ੍ਹ, ਅਜ ਤੇ ਭਲਕ' ਨੂੰ ਅਧਾਰ ਬਣਾਇਆ ਗਿਆ ਹੈ । ਹਰਚਰਨ ਸਿੰਘ ਪੰਜਾਬੀ ਸਾਹਿਤ ਦੇ ਉਨ੍ਹਾਂ ਨਾਟਕਕਾਰਾਂ ਵਿਚੋਂ ਹੈ ਜਿਸ ਨੇ ਲਮੇਂ ਸਮੇਂ ਤਕ ਪੰਜਾਬੀ ਨਾਟਕ ਦਾ ਸਫਰ ਤੈਅ ਕੀਤਾ ਹੈ । ਉਸਨੇ ਆਪਣਾ ਪਹਿਲਾ ਨਾਟਕ 'ਕਮਲਾ ਕੁਮਾਰੀ' 1937 ਵਿਚ ਲਿਖਿਆ ਸੀ । ਉਸਦੀ ਰੁਚੀ ਸ਼ੁਰੂ ਤੋਂ ਹੀ ਸੁਖਾਂਤਕ ਨਾਟਕ ਲਿਖਣ ਵਲ ਰਹੀ । ਹਰਚਰਨ ਸਿੰਘ ਨੇ ਭਾਵੇਂ ਸਾਹਿਤ ਦੇ ਵੱਖ ਵੱਖ ਰੂਪਾਂ ਵਿਚ ਸਾਹਿਤ ਸਿਰਜਣਾ ਕੀਤੀ ਪਰ ਨਾਟਕ ਅਤੇ ਇਕਾਂਗੀ ਵਧੇਰੇ ਮਕਬੂਲ ਹੋਏ ਹਨ । ਉਨ੍ਹਾਂ ਦੇ ਸ਼ੋਭਾ ਸ਼ਕਤੀ, ਕੰਚਨ ਮਾਟੀ, ਰੱਤਾ ਸਾਲੂ, ਪੁਨਿਆਂ ਦਾ ਚੰਨ, ਮਿਟੀ ਧੁੰਧ ਜਗਿ ਚਾਨਣ ਹੋਆ, ਅਨਜੋੜ, ਦੋਸ਼, ਰਾਜਾ ਪੋਰਸ ਆਦਿ ਪੂਰੇ ਨਾਟਕ ਅਤੇ ਚਮਕੌਰ ਦੀ ਗੜ੍ਹੀ, ਮੁੜ੍ਹਕੇ ਦੀ ਖ਼ੁਸ਼ਬੋ, ਜੀਵਨ ਲੀਲ੍ਹਾ, ਮੇਰੇ ਚੋਣਵੇਂ ਇਕਾਂਗੀ ਆਦਿ ਇਕਾਂਗੀ ਸੰਗ੍ਰਹਿ ਪ੍ਰਕਾਸ਼ਤ ਹੋਏ ਹਨ ।

ਨਾਟਕਕਾਰ ਆਪਣੀ ਨਾਟ-ਕਲਾ ਬਾਰੇ ਕਾਫੀ ਚੇਤੰਨ ਹੈ । ਉਸਨੇ ਆਪਣੇ ਇਸ ਕਾਰਜ ਦੇ ਮਨੋਰਥ ਬਾਰੇ ਸਪਸ਼ਟ ਲਿਖਿਆ ਹੈ, "ਨਾਟਕ ਕਲਾ ਨੂੰ ਮੈਂ ਨਿਰਾ ਮਨ-ਪ੍ਰਚਾਵੇ ਦਾ ਸਾਧਨ ਨਹੀਂ ਸਮਝਦਾ। ਇਸਨੂੰ ਮੈਂ ਸਭ ਤੋਂ ਸ਼ਕਤੀਸ਼ਾਲੀ ਸਭਿਆਚਾਰਕ ਕਲਾ ਮਾਧਿਅਮ ਮੰਨਦਾ ਹਾਂ, ਕਿਉਂਕਿ ਇਸ ਦੀ ਲੋਕਾਂ ਦੇ ਮਨਾਂ ਅਤੇ ਦਿਲਾਂ ਤਕ ਸਿੱਧੀ ਪਹੁੰਚ ਹੁੰਦੀ ਹੈ ।"

ਹਰਚਰਨ ਸਿੰਘ ਨੇ ਆਪਣਾ ਨਾਟਕ 'ਕਲ੍ਹ, ਅਜ ਤੇ ਭਲਕ' ਇਸੇ ਮੰਤਵ ਹੇਠ ਲਿਖਿਆ ਹੈ । ਇਸ ਨਾਟਕ ਦੇ ਵਿਚਾਰ ਦੀ ਉਪਜ ਬਾਰੇ ਉਸਨੇ ਨਾਟਕ ਦੇ ਅਰੰਭ ਵਿਚ ਹੀ ਸੰਕੇਤ ਕੀਤਾ ਹੈ ਕਿ "ਸਰਬ ਵਿਆਪਕ ਭਰਿਸ਼ਟਾਚਾਰ ਤੇ ਕੌਮੀ ਆਚਰਣ ਦੀ ਵਰਤਮਾਨ ਅਤਿ ਨਿਘਰੀ ਅਵਸਥਾ ਵਿਰੁਧ ਇਕ ਰਾਜਨੀਤਕ ਆਗੂ ਭਾਸ਼ਣ ਦੇਣ ਦਾ ਢੋਂਗ ਰਚ ਸਕਦਾ ਹੈ, ਪਰ ਇਕ ਲੇਖਕ ਕਲਾਮਈ ਢੰਗ ਨਾਲ ਆਪਣੇ ਹਿਰਦੇ ਦੀ ਆਵਾਜ਼ ਲੋਕਾਂ ਤਕ ਪੁਚਾਉਂਦਾ ਹੈ ।" ਆਪਣੇ ਇਸ ਵਿਚਾਰ ਨੂੰ ਨਾਟਕ ਰੂਪ ਵਿਚ ਪੇਸ਼ ਕਰਨ ਲਈ ਉਹ ਵਿਅੰਗ ਦੇ ਹਥਿਆਰ ਨੂੰ ਵੀ ਬਾਖੂਬੀ ਵਰਤਦਾ ਹੈ । ਕਿਉਂਕਿ ਸਮਾਜਿਕ ਸਮੱਸਿਆਵਾਂ ਉਪਰ ਵਧੇਰੇ ਸੰਜੀਦਗੀ ਨਾਲ ਧਿਆਨ ਦੁਆਉਣ ਲਈ ਵਿਅੰਗ ਦੀ ਵਿਧੀ ਬਹੁਤ ਕਾਰਗਰ ਰਹਿੰਦੀ ਹੈ ।ਦਰਸ਼ਕ ਜਿਨ੍ਹਾਂ ਸਮੱਸਿਆਵਾਂ ਦੇ ਹਰ-ਰੋਜ਼ ਰੁਬਰੂ ਹੁੰਦਾ ਹੈ, ਉਸਨੂੰ ਹੰਢਾ ਰਿਹਾ ਹੁੰਦਾ ਹੈ ਉਸ ਨੂੰ ਰੰਗਮੰਚ

ਉੱਪਰ ਉਸੇ ਤਰ੍ਹਾਂ ਵੇਖਣ ਵਿਚ ਉਸਦੀ ਵਧੇਰੇ ਦਿਲਚਸਪੀ ਨਹੀਂ ਹੁੰਦੀ । ਇਸ ਲਈ ਯਥਾਰਥ ਨੂੰ ਜਦ ਨਾਟਕ ਵਿਚ ਵਿਅੰਗ ਰਾਹੀਂ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਜ਼ਿਆਦਾ ਅਸਰਦਾਇਕ ਸਿੱਧ ਹੁੰਦਾ ਹੈ ।

ਹਰਚਰਨ ਸਿੰਘ ਦੇ ਕਥਨ ਅਨੁਸਾਰ "ਨਾਟਕ ਦਾ ਯਥਾਰਥ ਉਂਜ ਵੀ ਜੀਵਨ ਦੇ ਯਥਾਰਥ ਨਾਲੋਂ ਵਧੇਰੇ ਸੱਚਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ ।" ਇਸ ਤੋਂ ਇਕ ਗਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਕਿ ਨਾਟਕਕਾਰ ਆਪਣੀ ਨਾਟਕੀ ਸਿਰਜਣਾ ਬਾਰੇ ਚੇਤੰਨ ਹੈ ਅਤੇ ਇਕ ਲੇਖਕ ਵਜੋਂ ਆਪਣੀ ਇਕ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਦੇ ਉਦੇਸ਼ ਨਾਲ ਉਹ ਨਾਟਕ ਸਿਰਜਣਾ ਦੇ ਖੇਤਰ ਨਾਲ ਜੁੜਿਆ ਹੈ । ਉਹ ਆਪਣੇ ਸਮਾਜਿਕ ਸਰੋਕਾਰਾਂ ਨੂੰ ਇਸ "ਲੋਕ-ਤੰਤਰਾਤਮਿਕ ਕਲਾ" ਰਾਹੀਂ ਪੇਸ਼ ਕਰਨ ਲਈ ਪ੍ਰਤੀਬੱਧ ਹੈ ।

ਨਾਟਕ ਦਾ ਅਧਿਐਨ ਕਰਨ ਤੋਂ ਪਹਿਲਾਂ ਨਾਟਕ ਦੇ ਥੀਮਕ ਅਤੇ ਸੰਰਚਨਾਤਮਕ ਪੱਖਾਂ ਦੀ ਮੁੱਢਲੀ ਜਾਣਕਾਰੀ ਹੋਣੀ ਜ਼ਰੂਰੀ ਹੈ । ਥੀਮ ਜਾਂ ਵਿਸ਼ਾ ਕਿਸੇ ਵੀ ਰਚਨਾ ਦਾ ਉਹ ਅਨਿੱਖੜਵਾਂ ਅੰਗ ਹੈ ਜੋ ਇਕ ਸਾਹਿਤਕ ਕਿਰਤ ਨੂੰ ਜੋੜਕੇ ਜਾਂ ਇਕ ਸੂਤਰ ਵਿਚ ਪਰੋਕੇ ਰੱਖਦਾ ਹੈ । ਇਸਤੋਂ ਬਗ਼ੈਰ ਸਾਹਿਤਕ ਕਿਰਤ ਦਾ ਕੋਈ ਵਜੂਦ ਨਹੀਂ ਹੈ । ਇਸ ਲਈ ਨਾਟਕ ਦੇ ਅਧਿਐਨ ਦੌਰਾਨ ਇਸਦਾ ਵਿਸ਼ਾ-ਵਸਤੂ ਪਛਾਣ ਲੈਣਾ ਬਹੁਤ ਜ਼ਰੂਰੀ ਹੈ । ਤੇ ਇਸ ਵਿਸ਼ਾ-ਵਸਤੂ ਨੂੰ ਨਾਟਕਕਾਰ ਜਿਨ੍ਹਾਂ ਜੁਗਤਾਂ ਨਾਲ ਪੇਸ਼ ਕਰਦਾ ਹੈ ਉਹ ਨਾਟਕ ਦਾ ਬਣਤਰ ਜਾਂ ਸੰਰਚਨਾ ਪੱਖ ਹੈ । ਜਿਸਦੇ ਪਛਾਣ ਚਿਹਨ ਨਾਟਕ ਦੇ ਤੱਤਾਂ ਦੇ ਰੂਪ ਵਿਚ ਮੌਜੂਦ ਹੁੰਦੇ ਹਨ। ਨਾਟਕ ਲਿਖਣ ਵੇਲੇ ਸਭ ਤੋਂ ਪਹਿਲਾਂ ਨਾਟਕਕਾਰ ਦੇ ਮਨ ਵਿਚ ਇਕ ਵਿਚਾਰ ਪੈਦਾ ਹੁੰਦਾ ਹੈ। ਇਹੋ ਵਿਚਾਰ ਅਗੋਂ ਜਾਕੇ ਵਿਸ਼ੇ ਦਾ ਰੂਪ ਧਾਰਣ ਕਰ ਲੈਂਦਾ ਹੈ ।

ਫਿਰ ਨਾਟਕਕਾਰ ਉਸ ਵਿਚਾਰ ਨਾਲ ਸੰਬੰਧਤ ਉਨ੍ਹਾਂ ਘਟਨਾਵਾਂ, ਕਾਰਜਾਂ ਆਦਿ ਦੀ ਭਾਲ ਕਰਦਾ ਹੈ ਜਿਸ ਨਾਲ ਉਸਦੇ ਵਿਚਾਰ ਦੀ ਪ੍ਰੌੜ੍ਹਤਾ ਹੁੰਦੀ ਹੋਵੇ । ਇਨ੍ਹਾਂ ਕਾਰਜਾਂ ਨੂੰ ਮੰਚ ਉੱਪਰ ਸਾਕਾਰ ਕਰਨ ਲਈ ਪਾਤਰਾਂ ਦੀ ਚੋਣ ਕੀਤੀ ਜਾਂਦੀ ਹੈ ਤੇ ਉਨ੍ਹਾਂ ਪਾਤਰਾਂ ਵਿਚਕਾਰ ਵਾਰਤਾਲਾਪ ਰਾਹੀਂ ਨਾਟਕ ਦੇ ਤਨਾਓ ਨੂੰ ਪੇਸ਼ ਕੀਤਾ ਜਾਂਦਾ ਹੈ । ਢੁੱਕਵੇਂ ਪਾਤਰਾਂ ਦੀ ਚੋਣ ਅਤੇ ਉਨ੍ਹਾਂ ਦੀ ਭਾਸ਼ਾ ਨਾਟਕ ਲਈ ਕਾਫੀ ਮਹੱਤਵ ਪੂਰਣ ਤੱਤ ਹੁੰਦੇ ਹਨ । ਨਾਟਕੀ ਤਨਾਓ ਨੂੰ ਘਟਨਾਵਾਂ ਦੀ ਇਕ ਕ੍ਰਮਵਾਰ ਪੇਸ਼ਕਾਰੀ ਰਾਹੀਂ ਸਿਖਰ ਤੇ ਪੁਚਾਇਆ ਜਾਂਦਾ ਹੈ ਜਿਥੇ ਜਾ ਕੇ ਨਾਟਕ ਦਾ ਵਿਸ਼ਾ ਅਗਰਭੂੰਮੀ ਵਿਚ ਆ ਜਾਂਦਾ ਹੈ ਅਤੇ ਨਾਲ ਹੀ ਨਾਟਕਕਾਰ ਦਾ ਵਿਚਾਰ ਪੱਖ ਜਾਂ ਉਸਦੀ ਵਿਚਾਰਧਾਰਾ ਵੀ ਕਸਵੱਟੀ ਉੱਪਰ ਆ ਜਾਂਦੇ ਹਨ । ਇਸ ਅੰਤ ਸਥਿਤੀ 'ਤੇ ਪਹੁੰਚ ਕੇ ਨਾਟਕਕਾਰ ਸਮੱਸਿਆ ਦਾ ਹਲ ਦੇ ਸਕਦਾ ਹੈ, ਹਲ ਦਾ ਸੁਝਾ ਵੀ ਦੇ ਸਕਦਾ ਹੈ ਜਾਂ ਬਿਨਾਂ ਕਿਸੇ ਹਲ ਤੋਂ ਇਸਨੂੰ ਖਤਮ ਕਰ ਸਕਦਾ ਹੈ ਜੋ ਕਿ ਦਰਸ਼ਕਾਂ ਦੇ ਬਿਬੇਕ ਨੂੰ ਝੰਜੋੜਦਾ ਹੈ । ਇਸ ਤਰ੍ਹਾਂ ਇਹ ਗਲ ਸਪਸ਼ਟ ਹੋ

ਜਾਂਦੀ ਹੈ ਕਿ ਨਾਟਕ ਕਲਾ ਇਕ ਚੇਤੰਨ ਲੇਖਨ-ਕਲਾ ਹੈ ਜਿਸਦੇ ਖਾਸ ਤੱਤ ਅਤੇ ਵਿਧੀਆਂ ਹਨ । ਉਨ੍ਹਾਂ ਤੱਤਾਂ ਅਤੇ ਵਿਧੀਆਂ ਨੂੰ ਨਾਟਕਕਾਰ ਆਪਣੇ ਹੁਨਰ, ਸਮਰੱਥਾ ਤੇ ਲੋੜ ਮੁਤਾਬਕ ਵਰਤਕੇ ਆਪਣੀ ਵੱਖਰੀ ਪਛਾਣ ਬਨਾਉਣ ਦਾ ਉਪਰਾਲਾ ਵੀ ਕਰਦੇ ਹਨ ।

ਲੇਖਕ ਦਾ ਸਿਰਜਣਾ ਸੰਸਾਰ ਉਸਦਾ ਆਲਾ-ਦੁਆਲਾ ਹੀ ਹੁੰਦਾ ਹੈ । ਜੋ ਵੀ ਵਿਸ਼ਾ ਉਹ ਪੇਸ਼ ਕਰਦਾ ਹੈ ਜਾਂ ਕਰਨ ਵਾਲਾ ਹੁੰਦਾ ਹੈ ਉਸ ਨੂੰ ਇਕ ਸਮੱਸਿਆ ਦੇ ਰੂਪ ਵਿਚ ਵੇਖਣ ਦੀ ਜਾਚ ਵੀ ਇਸੇ ਸੰਸਾਰ ਵਿਚੋਂ ਹੀ ਪ੍ਰਾਪਤ ਹੁੰਦੀ ਹੈ । ਕੋਈ ਵੀ ਲੇਖਕ ਆਪਣੇ ਆਲੇ-ਦੁਆਲੇ ਦੇ ਮਾਹੌਲ ਤੋਂ ਅਣਭਿੱਜ ਨਹੀਂ ਰਹਿ ਸਕਦਾ । ਉਹ ਸਮਾਜ ਵਿਚ ਰਹਿਕੇ ਉਸ ਨਾਲ ਇਕ ਤਰ੍ਹਾਂ ਦਾ ਸਿਰਜਣਾਤਮਕ ਨਾਤਾ ਕਾਇਮ ਕਰਦਾ ਹੈ । ਉਹ ਸਮਾਜ ਤੋਂ ਕੁਝ ਗ੍ਰਹਿਣ ਕਰਨ ਦੇ ਨਾਲ ਨਾਲ ਆਪਣੀ ਸੰਵੇਦਨਸ਼ੀਲ ਬੁੱਧੀ ਅਤੇ ਜਾਗਰੂਕ ਲੇਖਨ ਕਲਾ ਰਾਹੀਂ ਸਮਾਜ ਨੂੰ ਪ੍ਰਭਾਵਤ ਵੀ ਕਰਦਾ ਹੈ । ਇਕ ਲੇਖਕ ਅਤੇ ਸਧਾਰਣ ਵਿਅਕਤੀ ਵਿਚ ਇਹੋ ਫਰਕ ਹੈ ਕਿ ਲੇਖਕ ਸਮਾਜ ਦੇ ਯਥਾਰਥ ਨੂੰ ਸਿਰਫ ਮਹਿਸੂਸ ਹੀ ਨਹੀਂ ਕਰਦਾ ਸਗੋਂ ਉਸਨੂੰ ਅਭਿਵਿਅਕਤ ਵੀ ਕਰਦਾ ਹੈ ।

ਸਮਾਜ ਦੀਆਂ ਕਠੋਰ ਸੱਚਾਈਆਂ ਨੂੰ ਵੱਖੋ-ਵੱਖਰੇ ਅੰਦਾਜ਼ ਉਤੇ ਵਿਧੀ ਰਾਹੀਂ ਆਪਣੀਆਂ ਸਾਹਿਤਕ ਕਿਰਤਾਂ ਵਿਚ ਪ੍ਰਸਤੁਤ ਕਰਦਾ ਹੈ । ਲੇਖਕ ਆਪਣੇ ਆਲੇ ਦੁਆਲੇ ਦੇ ਸਮਾਜ ਵਿਚਲੀਆਂ ਸਮੱਸਿਆਵਾਂ ਵਿਚੋਂ ਆਪਣੀਆਂ ਰਚਨਾਵਾਂ ਦਾ ਵਿਸ਼ਾ ਤਲਾਸ਼ ਕਰਦਾ ਹੈ ਫਿਰ ਉਸ ਦੇ ਆਲੇ ਦੁਆਲੇ ਹੋਣ ਵਾਲੀਆਂ ਘਟਨਾਵਾਂ ਵਿਚਲਾ ਤਨਾਓ ਮਹਿਸੂਸ ਕਰਦਾ ਹੈ ਤੇ ਉਨ੍ਹਾਂ ਕਾਰਜਾਂ ਤੇ ਘਟਨਾਵਾਂ ਮੁਤਾਬਕ ਹੀ ਪਾਤਰਾਂ ਦੀ ਚੋਣ ਕਰਕੇ ਇਕ ਗਲਪੀ ਸੰਸਾਰ ਦੀ ਸਿਰਜਣਾ ਕਰਦਾ ਹੈ । ਇਸੇ ਲਈ ਯਥਾਰਥਵਾਦੀ ਵਿਧੀ ਨਾਲ ਲਿਖੀਆਂ ਰਚਨਾਵਾਂ ਯਥਾਰਥ ਹੀ ਲੱਗਦੀਆਂ ਹਨ ।

ਨਾਟਕਕਾਰ ਹਰਚਰਨ ਸਿੰਘ ਨੇ ਵੀ ਸਮਕਾਲੀ ਸਮਾਜਕ ਪ੍ਰਸਥਿਤੀਆਂ ਨੂੰ ਮਹਿਸੂਸ ਕਰਦਿਆਂ ਆਪਣੇ ਨਾਟਕ ‘ਕਲ੍ਹ, ਅਜ ਤੇ ਭਲਕ’ ਰਾਹੀਂ ਸਜਾਮ ਵਿਚ ਹਰ ਪਾਸੇ ਫੈਲੇ ਭ੍ਰਿਸ਼ਟਾਚਾਰ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ । ਭ੍ਰਿਸ਼ਟਾਚਾਰ ਜੋ ਕਿ ਇਕ ਸਰਬ-ਵਿਆਪਕ ਸਮੱਸਿਆ ਹੈ ਅਤੇ ਮਾਨਵੀ-ਸਮਾਜ ਦੇ ਹਰ ਖੇਤਰ ਵਿਚ ਮੌਜੂਦ ਹੈ । ਭਾਵੇਂ ਉਹ ਰਾਜਨੀਤੀ ਹੋਵੇ, ਧਰਮ ਹੋਵੇ ਜਾਂ ਫਿਰ ਸਭਿਆਚਾਰਕ ਵਰਤਾਰਾ ਹੋਵੇ । ਨਾਟਕਕਾਰ ਨੇ ਭ੍ਰਿਸ਼ਟਾਚਾਰ ਦੇ ਇਸ ਸਰਬ-ਵਿਆਪਕ ਵਿਸ਼ੇ ਨੂੰ ਪੇਸ਼ ਕਰਨ ਲਈ ਪੰਜਾਬ ਵਿਚ ਮੌਜੂਦ ਵਹਿਮਾਂ-ਭਰਮਾਂ ਅਤੇ ਕੁਰੀਤੀਆਂ ਤੋਂ ਲੈਕੇ ਸਮਾਜ ਦੇ ਰਸੂਖ ਵਾਲੇ ਲੋਕਾਂ, ਸਿਆਸੀ ਆਗੂਆਂ ਦੀਆਂ ਭ੍ਰਿਸ਼ਟ ਕਾਰਗੁਜ਼ਾਰੀਆਂ ਨੂੰ ਅਧਾਰ ਬਣਾਇਆ ਹੈ । ਉਸਦੇ ਨਾਟਕ ਦਾ ਸਿਰਲੇਖ ‘ਕਲ੍ਹ, ਅਜ ਤੇ ਭਲਕ’ ਵੀ ਇਸ ਸਮੱਸਿਆ ਦੇ ਸਦੀਵੀ ਪੱਖ ਵਲ ਇਸ਼ਾਰਾ ਕਰਦਾ ਹੈ ।

ਇਹ ਸਮੱਸਿਆ ਸਾਨੂੰ ਸਦੀਆਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਪੇਸ਼ ਆ ਰਹੀ ਹੈ । ਗੁਜ਼ਰੇ ਸਮੇਂ ਵਿਚ ਵੀ ਭ੍ਰਿਸ਼ਟਾਚਾਰ ਨੇ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਖੋਖਲਾ ਕੀਤਾ ਹੈ, ਅਜ ਦੇ ਯੁੱਗ ਵਿਚ ਵੀ ਇਹ ਵਰਤਾਰਾ ਨਾ ਸਿਰਫ ਜਾਰੀ ਹੈ ਬਲਕਿ ਹੋਰ ਪ੍ਰਬਲ ਹੋ ਚੁੱਕਾ ਹੈ ਤੇ ਜਿਸ ਤਰ੍ਹਾਂ ਇਸਦੀ ਮੌਜੂਦਗੀ ਸਮਾਜ ਦੇ ਹਰ ਖੇਤਰ ਵਿਚ ਹੈ ਉਸਤੋਂ ਜਾਪਦਾ ਹੈ ਕਿ ਭਵਿੱਖ ਵਿਚ ਇਸਦੇ ਖਤਮ ਹੋਣ ਦੀ ਕੋਈ ਆਸ ਨਹੀਂ ਹੈ । ਇਸ ਵਿਕਰਾਲ ਸਮੱਸਿਆ ਦੇ ਵੱਖੋ-ਵੱਖਰੇ ਪਸਾਰਾਂ ਨੂੰ ਨਾਟਕਕਾਰ ਨੇ ਪੰਜਾਬ ਦੇ ਪੇਂਡੂ ਜੀਵਨ ਦੀ ਝਾਕੀ ਰਾਹੀਂ ਪੇਸ਼ ਕਰਨ ਦਾ ਜਤਨ ਕੀਤਾ ਹੈ ਅਤੇ ਇਕ ਪਿੰਡ ਨਾਲ ਵਾਬਸਤਾ ਹਰ ਧਿਰ ਨੂੰ ਵਿਸ਼ੇ ਸੰਗਠਨ ਦੀ ਉਸਾਰੀ ਵਿਚ ਪਰੋਣ ਦਾ ਉਪਰਾਲਾ ਵੀ ਕੀਤਾ ਹੈ ।

ਨਾਟਕ ਦੀ ਸ਼ੁਰੂਆਤ ਦੋ ਔਰਤ ਪਾਤਰਾਂ ਪ੍ਰੇਮੋ ਤੇ ਗੁਰਾਂ ਵਿਚਕਾਰ ਵਾਰਤਾਲਾਪ ਨਾਲ ਹੁੰਦੀ ਹੈ । ਨਾਟਕਕਾਰ ਇਸ ਆਰੰਭਕ ਵਾਰਤਾਲਾਪੀ ਦ੍ਰਿਸ਼ ਵਿਚ ਹੀ ਆਪਣੇ ਵਿਸ਼ੇ ਬਾਰੇ ਜਾਣਕਾਰੀ ਦੇਣਾ ਆਰੰਭ ਕਰ ਦਿੰਦਾ ਹੈ । ਨਾਟਕ ਦੀਆਂ ਘਟਨਾਵਾਂ ਅਤੇ ਕਾਰਜਾਂ ਦਾ ਸਥਾਨ ਪੰਜਾਬ ਦੇ ਕਿਸੇ ਇਕ ਪਿੰਡ ਨੇੜੇ ਮਹੰਤ ਦਾ ਇਕ ਡੇਰਾ ਹੈ । ਸਮਾਂ ਸ਼ਾਮ ਦਾ ਹੈ ਅਤੇ ਦੋ ਔਰਤਾਂ ਇਹੋ ਜਿਹੇ ਸਮੇਂ ਵਿਚ ਸ਼ਕੀ ਹਾਲਾਤ ਵਿਚ ਗਲਬਾਤ ਕਰ ਰਹੀਆਂ ਹਨ । ਇਸੇ ਪਲ ਤੋਂ ਦਰਸ਼ਕਾਂ ਦੇ ਮਨਾਂ ਵਿਚ ਅਗੋਂ ਹੋਣ ਵਾਲੀ ਘਟਨਾਵਾਂ ਬਾਰੇ ਜਿਗਿਆਸਾ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ ।ਨਾਟਕ ਦਾ ਸੰਬੰਧ ਕਿਉਂਕਿ ਸਮਾਜ ਵਿਚ ਸਰਬ-ਵਿਆਪਕ ਭ੍ਰਿਸ਼ਟਾਚਾਰ ਨਾਲ ਹੈ ਇਸ ਲਈ ਇਸ ਵਿਚ ਅਗੋਂ ਆਉਣ ਵਾਲੇ ਕਿਰਦਾਰ ਜਾਂ ਪਾਤਰ ਵੀ ਪਿੰਡ ਦੇ ਵੱਖੋ-ਵੱਖਰੇ ਵਰਗਾਂ ਤੋਂ ਆਉਂਦੇ ਹਨ । ਭਲਵਾਨ ਜੋ ਕਿ ਪਿੰਡ ਦਾ ਚੌਧਰੀ ਹੈ ਅਤੇ ਜ਼ੈਲਦਾਰ (ਸੁਰੈਣ ਸਿੰਘ) ਜੋ ਇਕ ਹੋਸ਼ਿਆਰ ਬੰਦਾ ਹੈ, ਦੋਵੇਂ ਨਾਟਕ ਦੇ ਇਸ ਵਿਸ਼ੇ ਨੂੰ ਅਗੇ ਤੋਰਦੇ ਹਨ ਅਤੇ ਸਮਾਜ ਦੇ ਹੋਰਨਾਂ ਮੋਹਤਬਰ ਤੇ ਅਸਰ-ਰਸੂਖ ਵਾਲੇ ਇਜ਼ਤਦਾਰ ਵਿਅਕਤੀਆਂ ਦੀਆਂ ਭ੍ਰਿਸ਼ਟਾਚਾਰੀ ਕਰਤੂਤਾਂ ਦੀਆਂ ਪੋਲਾਂ ਖੋਲਦੇ ਹੋਏ ਉਸਦਾ ਫਾਇਦਾ ਚੁੱਕਦੇ ਨਜ਼ਰ ਆਉਂਦੇ ਹਨ ।

ਇਨ੍ਹਾਂ ਦੇ ਨਾਲ ਹੀ ਸੁੱਚਾ ਸਿੰਘ ਵੀ ਹੈ ਜੋ ਕਿ ਇਕ ਸਾਬਕਾ ਐਮ. ਐਲ. ਏ. ਹੈ ਅਤੇ ਇਨ੍ਹਾਂ ਦੋਹਾਂ ਵਾਂਗ ਹੀ ਰਾਜਨੀਤੀ ਦੀਆਂ ਸਾਰੀਆਂ ਸ਼ਤਰੰਜੀ ਚਾਲਾਂ ਤੋਂ ਜਾਣੂ ਹੈ । ਇਹ ਤਿੰਨੋਂ ਮਿਲਕੇ ਪਿੰਡ ਦੇ ਅਸਰਦਾਰ ਵਿਅਕਤੀਆਂ ਤੋਂ ਉਗਰਾਹੀ ਕਰਦੇ ਹਨ । ਜਿਨਾਂ ਕੋਲ ਉਹ ਉਗਰਾਹੀ ਲਈ ਜਾਂਦੇ ਹਨ ਉਨ੍ਹਾਂ ਵਿਚ ਸ਼ਾਹੂਕਾਰ, ਡਾਕਟਰ ਅਤੇ ਟਰਾਂਸਪੋਰਟਰ ਸ਼ਾਮਲ ਹਨ । ਇਹ ਸਾਰੇ ਮਿਲਕੇ ਭੋਲੇ ਭਾਲੇ ਲੋਕਾਂ ਨੂੰ ਕਿਸ ਤਰ੍ਹਾਂ ਠੱਗ ਰਹੇ ਹਨ ਇਸ ਨੂੰ ਬੜੇ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਇਥੋਂ ਤਕ ਕਿ ਮਾਸਟਰ ਅਤੇ ਮਰਾਸੀਆਂ ਤਕ ਨੂੰ ਸਮਾਜ ਵਿਚ ਭ੍ਰਿਸ਼ਟਾਚਾਰ ਦਾ ਪੱਖ ਪੂਰਦਿਆਂ ਵਿਖਾਇਆ ਗਿਆ ਹੈ । ਹਰ ਕੋਈ ਆਪਣਾ ਕੰਮ ਕਿਸੇ ਨਾ ਕਿਸੇ ਤਰੀਕੇ ਨਾਲ

ਕਢਾਉਣ ਦੀਆਂ ਤਰਕੀਬਾਂ ਬਨਾਉਣ ਵਿਚ ਲਗਿਆ ਹੋਇਆ ਹੈ । ਸਮਾਜ ਵਿਚ ਹਰ ਥਾਂ ਤੇ ਆਪਸੀ ਰਿਸ਼ਤਿਆਂ ਦੀ ਕਰੂਰ ਸੱਚਾਈ ਨੂੰ ਪੇਸ਼ ਕਰਨ ਦਾ ਜਤਨ ਕੀਤਾ ਹੈ ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਫੈਲੇ ਭ੍ਰਿਸ਼ਟਾਚਾਰ ਦੀਆਂ ਗਹਿਰਾਈਆਂ ਤਕ ਜਾਣ ਲਈ ਨਾਟਕਕਾਰ ਨੇ ਪੰਜਾਬ ਦੇ ਸਮਾਜ ਵਿਚ ਮੌਜੂਦ ਮਹੰਤ ਅਤੇ ਸੰਤ ਪ੍ਰਥਾ ਵਰਗੇ ਇਕ ਅਣਛੂਹੇ ਵਰਗ ਨੂੰ ਆਪਣੀ ਪੇਸ਼ਕਾਰੀ ਵਿਧੀ ਦੇ ਕੇਂਦਰ ਵਿਚ ਰੱਖਿਆ ਹੈ । ਸਾਰੀ ਗਲ ਇਕ ਡੇਰੇ ਦੇ ਮਹੰਤ ਚਰਨ ਦਾਸ ਦੇ ਆਲੇ ਦੁਆਲੇ ਹੀ ਘੰਮਦੀ ਪ੍ਰਤੀਤ ਹੁੰਦੀ ਹੈ । ਉਸਦੇ ਮੰਤਰੀ ਬਣਨ ਦੇ ਸੁਪਨੇ ਰਾਹੀਂ ਲੇਖਕ ਨੇ ਬੜੇ ਕਲਾਮਈ ਢੰਗ ਨਾਲ ਆਪਣੇ ਵਿਸ਼ੇ ਦੀ ਪੇਸ਼ਕਾਰੀ ਕੀਤੀ ਹੈ । ਇਹ ਮਹੰਤ ਵੀ ਇਕ ਸਧਾਰਣ ਇਨਸਾਨ ਵਾਂਗ ਮਹੱਤਵ-ਅਕਾਂਖਿਆਵਾਂ ਰੱਖਦਾ ਹੈ । ਜੋ ਆਪਣੀਆਂ ਦੱਬੀਆਂ ਹੋਈਆਂ ਖ਼ੁਹਾਇਸ਼ਾਂ ਨੂੰ ਹਰ ਹੀਲੇ ਪੂਰਾ ਕਰਨਾ ਚਾਹੁੰਦਾ ਹੈ ।

ਇਸਦੇ ਨਾਲ ਨਾਲ ਹੀ ਨਾਟਕਕਾਰ ਨੇ ਮਹੰਤਾਂ ਦੇ ਡੇਰਿਆਂ ਦੀ ਅਸਲੀਅਤ ਉਜਾਗਰ ਕਰਨ ਦਾ ਉਪਰਾਲਾ ਵੀ ਕੀਤਾ ਹੈ । ਸੰਤਾਂ ਮਹੰਤਾਂ ਦੇ ਡੇਰੇ ਜੋ ਕਿ ਧਰਮ ਪ੍ਰਚਾਰ ਅਤੇ ਸਮਾਜ ਨੂੰ ਚੰਗੀਆਂ ਕਦਰਾਂ ਕੀਮਤਾਂ ਦੀ ਸਿਖਿਆ ਦੇਣ ਵਾਲੇ ਅਦਾਰੇ ਹੋਣੇ ਚਾਹੀਦੇ ਨੇ ਇਸਦੇ ਉਲਟ ਇਹ ਸਮਾਜ ਵਿਚ ਵਹਿਮਾਂ-ਭਰਮਾਂ ਅਤੇ ਚਮਤਕਾਰਾਂ ਦੇ ਢੋਂਗਾਂ ਰਾਹੀਂ ਦੁਕਾਨਦਾਰੀਆਂ ਕਰ ਰਹੇ ਹਨ । ਨਾਟਕ ਵਿਚ ਮਹੰਤ ਦੇ ਡੇਰੇ ਦੇ ਦ੍ਰਿਸ਼ ਰਾਹੀ ਇਕ ਭਿਆਨਕ ਮਹੌਲ ਸਿਰਜਿਆ ਗਿਆ ਹੈ । ਜਿਸ ਬਾਰੇ ਸ਼ੁਰੂ ਵਿਚ ਸ਼ੰਕੇ ਪੈਦਾ ਕੀਤੇ ਗਏ ਹਨ ਤੇ ਮਗਰੋਂ ਉਸਦੀ ਪ੍ਰੋੜਤਾ ਵੀ ਕੀਤੀ ਗਈ ਹੈ ।

"ਪਹਿਲਾ ਮੁਸਾਫਰ: ਅਸੀਂ ਜਾਣਦੇ ਆਂ ਓਸ ਬਗਲੇ ਭਗਤ ਨੂੰ ।

ਦੂਜਾ ਮੁਸਾਫਰ: ਮਾਈ ਜੇ ਤੂੰ ਜਵਾਨ ਕੁੜੀ ਨਾਲ ਰਾਤ ਰਹਿ ਸਕਦੀ ਐਂ, ਫੇਰ ਸਾਨੂੰ ਕਾਹਦਾ ਡਰ ਏ ।

…………..

ਪਹਿਲਾ: ਕੀ ਫ਼ੀਮੀਆਂ, ਭੰਗੀਆਂ, ਸੁਲਫਈਆਂ ਲਈ ਜਗ੍ਹਾ ਹੈ ?

ਦੂਜਾ: ਜੋ ਦਿਨ ਰਾਤ ਡੇਰੇ ਵਿਚ ਭੰਗ ਪੁੱਜਦੀ ਐ ਸਾਨੂੰ ਸਭ ਪਤਾ ।"

ਸਮਾਜ ਵਿਚ ਧਰਮ ਦੇ ਨਾਂ ਹੇਠ ਅਤੇ ਵਹਿਮਾਂ ਭਰਮਾਂ ਵਿਚ ਫੱਸਕੇ ਔਰਤਾਂ ਕਿਸ ਤਰ੍ਹਾਂ ਧਰਮ ਦੇ ਅਖੌਤੀ ਆਗੂਆਂ ਦੀ ਹਵਸ ਦਾ ਸ਼ਿਕਾਰ ਹੁੰਦੀਆਂ ਹਨ ਇਸ ਵਿਸ਼ੇ ਨੂੰ ਵੀ ਬੜੀ ਗੰਭੀਰਤਾ ਨਾਲ ਪੇਸ਼ ਕੀਤਾ ਗਿਆ ਹੈ । ਪ੍ਰੇਮੋ ਜੋ ਕਿ ਇਕ ਚਲਾਕ ਔਰਤ ਹੈ ਅਤੇ ਮਹੰਤ ਦੀ ਏਜੰਟ ਹੈ ਪਿੰਡ ਦੀ ਇਕ ਜਵਾਨ ਕੁੜੀ ਨੂੰ ਵਰਗਲਾ ਕੇ ਮਹੰਤ ਦੀ ਹਵਸ ਪੂਰੀ ਕਰਨ ਲਈ ਡੇਰੇ ਲੈਕੇ ਆਉਂਦੀ ਹੈ । ਪ੍ਰੇਮੋ ਦੇ ਸਾਧੂ ਨਾਲ ਹੋਏ ਵਾਰਤਾਲਾਪ ਵਿਚ ਇਹ ਗਲ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ :

"ਪ੍ਰੇਮੋ: ਵੇ ਦੇਖੀਂ ਕੁੜੀ ਨੂੰ, ਹੁਣੇ ਮੇਰੇ ਨਾਲ ਆਈ ਸੀ । ਕਿਤੇ ਪਿੰਡ ਨੂੰ ਨਾ ਮੁੜ ਗਈ ਹੋਵੇ !

ਸਾਧੂ: ਕਿਹੜੀ ਓਹ ਸੋਹਣੀ ਜਹੀ ਕੁੜੀ, ਜੋ ਹੁਣੇ ਤੇਰੇ ਨਾਲ ਆਈ ਸੀ ? (ਮੁਸਕ੍ਰਾਂਦਾ ਹੋਇਆ) ਉਹ ਤਾਂ ਨਹੀਂ ਗੁਆਚਣੀ ਚਾਹੀਦੀ, ਵਧੀਆ ਮਾਲ ਵੇ ।"

ਇਸ ਰਾਹੀਂ ਨਾਟਕਕਾਰ ਸਮਾਜ ਵਿਚ ਔਰਤ ਦੀ ਸਥਿਤੀ ਬਾਰੇ ਸੁਚੇਤ ਹੋਕੇ ਗਲ ਕਰ ਰਿਹਾ ਹੈ। ਸਾਡੇ ਅਜੋਕੇ ਸਮਾਜ ਵਿਚ ਆਧੁਨਿਕਤਾ ਦੇ ਹੁੰਦਿਆਂ ਵੀ ਵਹਿਮਾਂ ਭਰਮਾਂ ਦਾ ਬੋਲਬਾਲਾ ਹੈ । ਜਿਸ ਦਾ ਸੰਤਾਪ ਔਰਤਾਂ ਨੂੰ ਹੀ ਜ਼ਿਆਦਾ ਭੋਗਣਾ ਪੈ ਰਿਹਾ ਹੈ । ਇਥੇ ਧਰਮ ਦੇ ਨਾਂ ਹੇਠ ਹੁੰਦੇ ਭ੍ਰਸ਼ਟਚਾਰੀ ਆਚਰਣ ਅਤੇ ਕੁਕਰਮਾਂ ਵਲ ਹੀ ਸੰਕੇਤ ਕੀਤਾ ਗਿਆ ਹੈ । ਨਾਟਕ ਦੇ ਪਹਿਲੇ ਦ੍ਰਿਸ਼ ਵਿਚ ਦੋ ਸੂਹੀਏ ਇਸ ਸਮੱਸਿਆ ਨੂੰ ਸਿੱਧਿਆਂ ਹੀ ਉਜਾਗਰ ਕਰਦੇ ਹਨ । ਅਗੋਂ ਜਾ ਕੇ ਨਾਟਕ ਸੁਪਨੇ ਦੇ ਦ੍ਰਿਸ਼ਾਂ ਰਾਹੀਂ ਮਹੰਤ ਅਤੇ ਹੋਰਨਾਂ ਪਾਤਰਾਂ ਦੀਆਂ ਭ੍ਰਿਸ਼ਤਾਚਾਰੀ ਕਾਰਗੁਜਾਰੀਆਂ ਨੂੰ ਪੇਸ਼ ਕਰਦਾ ਹੈ । ਸਿਆਸੀ ਨੇਤਾਵਾਂ ਦੀਆਂ ਚਾਲਬਾਜ਼ੀਆਂ, ਭੋਲੀ-ਭਾਲੀ ਜਨਤਾ ਨੂੰ ਲੁਭਾਵਣੇ ਵਾਇਦੇ ਕਰਕੇ ਗੁਮਰਾਹ ਕਰਨ ਦੀਆਂ ਵਿਉਂਤਾਂ, ਨੌਜਵਾਨਾਂ ਦੀਆਂ ਬਾਗ਼ੀ ਅਵਾਜ਼ਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ, ਭਾਈ-ਭਤੀਜਾਵਾਦ ਵਰਗੇ ਹਰ ਤਰ੍ਹਾਂ ਦੇ ਭ੍ਰਿਸ਼ਤਾਚਾਰੀ ਅਮਲਾਂ ਨੂੰ ਨਾਟਕ ਵਿਚ ਬਾਖੂਬੀ ਪੇਸ਼ ਕੀਤਾ ਗਿਆ ਹੈ ।

ਨਾਟਕ ਦੀ ਪੇਸ਼ਕਾਰੀ ਵਿਚ ਪਾਤਰਾਂ ਦੀ ਬਹੁਤ ਅਹਿਮੀਅਤ ਹੁੰਦੀ ਹੈ । ਪਾਤਰਾਂ ਦੀ ਚੋਣ ਤੋਂ ਲੈਕੇ ਉਹਨਾਂ ਦੀ ਭਾਸ਼ਾ, ਪਹਿਰਾਵਾ, ਅਦਾਕਾਰੀ ਜੁਗਤਾਂ ਦੀ ਪਾਲਣਾ ਆਦਿ ਨਾਟਕ ਦੀ ਲਿਖਤ ਵਿਚ ਰੂਹ ਦਾ ਕੰਮ ਕਰਦੇ ਹਨ । ਇਕ ਸਫਲ ਨਾਟਕ ਵਿਚ ਕੋਈ ਵੀ ਪਾਤਰ ਫਾਲਤੂ ਨਹੀਂ ਹੁੰਦਾ ਅਤੇ ਨਾਂ ਹੀ ਬੇਵਜਹਾ ਕੋਈ ਕਾਰਜ ਜਾਂ ਸੰਵਾਦ ਦਾ ਪ੍ਰਯੋਗ ਕਰਦਾ ਹੈ । ਅਸਲ ਵਿਚ ਨਾਟਕੀ ਪਾਤਰ ਆਮ ਜੀਵਨ ਵਿਚੋਂ ਚੁਣੇ ਗਏ ਲੋਕਾਂ ਦੇ ਚਰਿੱਤਰ ਦੇ ਸਿਰਫ ਉਹ ਗੁਣ ਲੱਛਣ ਹੀ ਹੁੰਦੇ ਜਿਸਦੀ ਨਾਟਕੀ ਵਿਸ਼ੇ ਅਤੇ ਕਾਰਜ ਦੇ ਨਿਭਾਓ ਲਈ ਜ਼ਰੂਰਤ ਹੁੰਦੀ ਹੈ । ਭਾਵ ਪਾਤਰਾਂ ਨੇ ਇਕ ਖਾਸ ਤਰ੍ਹਾਂ ਦੇ ਲੋਕਾਂ ਦੇ ਸਮੂਹਕ ਚਰਿੱਤਰ ਨੂੰ ਪੇਸ਼ ਕਰਨਾ ਹੁੰਦਾ ਹੈ । ਇਕੋ ਪਾਤਰ ਵਿਚ ਵਧੇਰੇ ਪਾਤਰਾਂ ਦੇ ਗੁਣ ਵੀ ਸ਼ਾਮਲ ਕੀਤੇ ਜਾ ਸਕਦੇ ਹਨ ਜੋ ਕਿ ਵਿਸ਼ੇ ਦੀ ਉਸਾਰੀ ਲਈ ਢੁੱਕਵੇਂ ਹੋਣ । ਹਰਚਰਨ ਸਿੰਘ ਨੇ ਆਪਣੇ ਨਾਟਕ ਦੇ ਵਿਸ਼ੇ ਦੇ ਪਸਾਰ ਨੂੰ ਦਰਸਾਉਣ ਲਈ ਪੇਂਡੂ ਜੀਵਨ ਦੇ ਤਕਰੀਬਨ ਹਰ ਚਰਿੱਤਰ ਨੂੰ ਛੂਹਣ ਦਾ ਜਤਨ ਕੀਤਾ ਹੈ । ਪਾਤਰਾਂ ਰਾਹੀਂ ਹੀ ਇਕ ਦੂਜੇ ਦੇ ਚਰਿੱਤਰ ਦੀਆਂ ਖੂਬੀਆਂ ਨੂੰ ਪੇਸ਼ ਕੀਤਾ ਹੈ । ਨਾਟਕ ਵਿਚ ਕਿਸੇ ਵੀ ਪਾਤਰ ਦਾ ਸੁਭਾ ਜਾਂ ਚਰਿੱਤਰ ਕਾਰਜਾਂ,

ਘਟਨਾਵਾਂ ਦੇ ਨਤੀਜੇ ਵਜੋਂ ਨਾਂ ਤਾਂ ਬਦਲਦਾ ਹੈ ਅਤੇ ਨਾ ਹੀ ਉਸਦਾ ਵਿਗੋਪਨ ਕੀਤਾ ਗਿਆ ਹੈ । ਵਾਰਤਾਲਾਪੀ ਜੁਗਤਾਂ ਰਾਹੀਂ ਹੀ ਪਾਤਰਾਂ ਦੇ ਸੁਭਾ ਨੂੰ ਨਿਰਧਾਰਤ ਕੀਤਾ ਗਿਆ ਹੈ ।

ਫਿਰ ਹਰ ਪਾਤਰ ਉਸ ਸੁਭਾ ਮੁਤਾਬਕ ਹੀ ਕਾਰਜ ਨਿਭਾਉਂਦਾ ਹੈ । ਨਾਟਕਕਾਰ ਨੇ ਨਾਟਕ ਦੇ ਪਲਾਟ ਵਿਚ ਪਾਤਰਾਂ ਨੂੰ ਬਹੁਤ ਸਟੀਕ ਤਰਤੀਬ ਵਿਚ ਪਰੋਕੇ ਰਖਿਆ ਹੈ । ਹਰ ਪਾਤਰ ਇਕ ਵੇਲੇ ਇਕੋ ਤਰ੍ਹਾਂ ਦੇ ਕਾਰਜ-ਖੇਤਰ ਵਿਚ ਵਿਚਰਦਾ ਹੈ । ਕੋਈ ਵੀ ਪਾਤਰ ਗੁੰਝਲਦਾਰ ਨਹੀਂ ਹੈ । ਸਭ ਦਾ ਕਿਰਦਾਰ ਸਪਸ਼ਟ ਹੈ । ਨਾਟਕਕਾਰ ਨੇ ਪਾਤਰਾਂ ਰਾਹੀਂ ਹੀ ਅਗਲੇਰੀਆਂ ਘਟਨਾਵਾਂ ਦੇ ਸੰਕੇਤ ਵੀ ਕੀਤੇ ਹਨ । ਜਿਸ ਨਾਲ ਦਰਸ਼ਕਾਂ ਵਿਚ ਉਤਸੁਕਤਾ ਬਣੀ ਰਹਿੰਦੀ ਹੈ ਅਤੇ ਨਾਟਕ ਦਾ ਮਨੋਰਥ ਵੀ ਉਜਾਗਰ ਹੁੰਦਾ ਹੈ । ਪਾਤਰ ਨਾਟਕ ਦੀ ਗਤੀ ਬਣਾਈ ਰਖਦੇ ਹਨ । ਦਰਸ਼ਕ ਵੀ ਆਪਣੇ ਆਪ ਨੂੰ ਕਿਸੇ ਨਾ ਕਿਸੇ ਪਾਤਰ ਨਾਲ ਜੋੜਕੇ ਵੇਖਣ ਲਗਦਾ ਹੈ ਜਾਂ ਕਿਸੇ ਨਾ ਕਿਸੇ ਪਾਤਰ ਦੀ ਤਰਫਦਾਰੀ ਕਰਨ ਲਗਦਾ ਹੈ । ਇਕ ਨਿਪੁੰਨ ਨਾਟਕਕਾਰ ਵਾਂਗ ਹਰਚਰਨ ਸਿੰਘ ਵੀ ਆਪਣੀ ਗਲ ਨੂੰ ਜਾਂ ਵਿਸ਼ੇ ਬਾਰੇ ਆਪਣੇ ਵਿਚਾਰਾਂ ਨੂੰ ਪਾਤਰਾਂ ਰਾਹੀਂ ਹੀ ਪੇਸ਼ ਕਰਦਾ ਹੈ । ਨਾਟਕ ਵਿਚ ਬਾਗੀਆਂ ਦੀ ਅਵਾਜ਼ ਜਿਸਨੂੰ ਉਹ ਲੋਕਾਂ ਦੀ ਅਵਾਜ਼ ਦੱਸਦਾ ਹੈ ਅਸਲ ਵਿਚ ਉਸਦਾ ਆਪਣਾ ਦ੍ਰਿਸ਼ਟੀਕੋਣ ਹੈ । ਨਾਟਕ ਦੇ ਇਸ ਹਿੱਸੇ ਵਿਚ ਨਾਟਕਕਾਰ ਇਕ ਤਰ੍ਹਾਂ ਨਾਲ ਖ਼ੁਦ ਮੈਦਾਨ ਵਿਚ ਉਤਰ ਆਉਂਦਾ ਹੈ ਤਾਂ ਜੋ ਸਮੱਸਿਆ ਦਾ ਨਿਪਟਾਰਾ ਕੀਤਾ ਜਾ ਸਕੇ । ਉਹ ਆਪਣੀ ਗਲ ਨੂੰ ਹਰ ਭ੍ਰਿਸ਼ਟਾਚਾਰੀ ਧਿਰ ਸਾਹਮਣੇ ਖ਼ੁਦ ਰਖਦਾ ਹੈ ਅਤੇ ਨਾਟਕ ਨੂੰ ਅੰਜਾਮ ਵਲ ਦਾ ਰਸਤਾ ਵਿਖਾਉਂਦਾ ਹੈ।

ਨਾਟਕਕਾਰ ਕਿਉਂਕਿ ਇਕ ਵਿਸ਼ੇਸ਼ ਵਿਚਾਰਧਾਰਕ ਪ੍ਰਤਿਬੱਧਤਾ ਨਾਲ ਲਿਖ ਰਿਹਾ ਹੈ ਇਸ ਲਈ ਉਹ ਭ੍ਰਿਸ਼ਟਾਚਾਰ ਦੀ ਤਸਵੀਰ ਨੂੰ ਪੇਸ਼ ਕਰਕੇ ਲਾਂਬੇ ਨਹੀਂ ਹੋ ਜਾਂਦਾ ਸਗੋਂ ਇਹੋ ਜਿਹੀ ਸਥਿਤੀ ਬਾਰੇ ਸਾਨੂੰ ਸੋਚਣ ਲਈ ਮਜਬੂਰ ਕਰਦਾ ਹੈ । ਨਾਟਕ ਦੇ ਇਸ ਪ੍ਰਮੁੱਖ ਵਿਸ਼ੇ ਬਾਰੇ ਨਾਟਕਕਾਰ ਦਾ ਆਪਣਾ ਦ੍ਰਿਸ਼ਟੀਕੋਣ ਜਾਂ ਪੱਖ ਨਾਟਕ ਦੇ ਅੰਤਲੇ ਦ੍ਰਿਸ਼ਾਂ ਵਿਚ ਬਾਗ਼ੀ ਪਾਤਰ ਰਾਹੀਂ ਪੇਸ਼ ਹੁੰਦਾ ਹੈ । ਬਾਗੀ ਆਵਾਜ਼ਾਂ ਅਸਲ ਵਿਚ ਜਨਤਾ ਦੀ ਆਵਾਜ਼ ਹੈ । ਨਾਟਕਕਾਰ ਭ੍ਰਿਸ਼ਟਾਚਾਰ ਦੀ ਇਸ ਸਥਿਤੀ ਵਿਚ ਵੀ ਨਿਰਾਸ਼ਾਵਾਦੀ ਨਹੀਂ ਹੈ । ਉਹ ਦਰਸ਼ਕਾਂ ਨੂੰ ਇਕ ਆਸ ਦੇਣ ਦੀ ਕੋਸ਼ਿਸ਼ ਕਰਦਾ ਹੈ । ਇਸ ਲਈ ਇਸ ਨਾਟਕ ਦਾ ਅੰਤ ਸੁਖਾਂਤਕ ਹੈ ।

ਸਮੁੱਚੇ ਤੌਰ 'ਤੇ ਵੇਖਦਿਆਂ ਇਹ ਨਾਟਕ ਸਮਾਜ ਵਿਚ ਸਰਬ-ਵਿਆਪਰਕ ਭ੍ਰਿਸ਼ਤਾਚਾਰ ਦੇ ਵਰਤਾਰੇ ਨੂੰ ਇਕ ਤਨਾਓ ਦੇ ਰੂਪ ਵਿਚ ਰਖਦਾ ਹੈ । ਨਾਟਕ ਵਿਚ ਛੋਟੀਆਂ ਛੋਟੀਆਂ ਕਈ ਘਟਨਾਵਾਂ ਰਾਹੀਂ ਇਸ ਵਿਸ਼ੇ ਦੀ ਗੰਭੀਰਤਾ ਨੂੰ ਬਿਆਨ ਕਰਦਾ ਹੈ । ਵਿਸ਼ੇ ਦੀ ਪੇਸ਼ਕਾਰੀ ਨੂੰ ਉਹ ਬੜੇ ਰੋਚਕ ਢੰਗ ਨਾਲ ਪੇਸ਼ ਕਰਦਾ ਹੈ ਜਿਸ ਲਈ ਉਹ ਵਿਅੰਗ,

ਸੁਝਾਓ, ਉਤਸੁਕਤਾ ਦੇ ਤੱਤਾਂ ਦੀ ਭਰਪੂਰ ਵਰਤੋਂ ਕਰਦਾ ਹੈ ਜਿਸ ਨਾਲ ਦਰਸ਼ਕ ਨਾਟਕੀ ਕਾਰਜ ਨਾਲ ਜੁੜੇ ਰਹਿੰਦੇ ਹਨ । ਹਰਚਰਨ ਸਿੰਘ ਇਕ ਚੇਤੰਨ ਅਤੇ ਸਫਲ ਨਾਟਕਕਾਰ ਹੈ । ਉਸਨੇ ਨਾਟਕ ਵਿਚ ਆਪਣੇ ਚੁਣੇ ਹੋਏ ਵਿਸ਼ੇ ਨੂੰ ਬੜੀ ਕਾਬਲੀਅਤ ਨਾਲ ਪੇਸ਼ ਕੀਤਾ ਹੈ। ਨਾਟਕ ਲੇਖਨ ਦੇ ਹਰ ਲਾਜ਼ਮੀ ਅੰਗ ਨੂੰ ਉਸਨੇ ਆਪਣੀ ਨਾਟਕੀ ਬਣਤਰ ਲਈ ਵਰਤਿਆ ਹੈ । ਨਿਰਦੇਸ਼ਨ ਪੱਖੋਂ ਪੂਰੀਆਂ ਹਦਾਇਤਾਂ ਦਰਜ ਹਨ ਤਾਂ ਜੋ ਨਾਟਕ ਦਾ ਢੁੱਕਵਾਂ ਮਾਹੌਲ ਪੈਦਾ ਕੀਤਾ ਜਾ ਸਕੇ।

ਇਸ ਤਰ੍ਹਾਂ ਅਸੀਂ ਦੇਖਿਆ ਕਿ ਹਰਚਰਨ ਸਿੰਘ ਦਾ ਇਹ ਨਾਟਕ ਪੰਜਾਬੀ ਸਾਹਿਤ ਦਾ ਇਕ ਪ੍ਰਤੀਨਿਧ ਨਾਟਕ ਹੈ । ਇਸ ਵਿਚ ਪੰਜਾਬੀ ਨਾਟਕ ਦਾ ਉਹ ਨਿਵੇਕਲਾ ਰੂਪ ਬਣਕੇ ਉਭਰਦਾ ਹੈ ਜਿਸ ਵਾਸਤੇ ਇਸਨੇ ਪਿਛਲੀ ਇਕ ਸਦੀ ਵਿਚ ਆਪਣੇ ਵਿਕਾਸ ਦੀ ਯਾਤਰਾ ਦੌਰਾਨ ਇਕ ਵੱਖਰੀ ਪਛਾਣ ਬਨਾਉਣ ਵਿਚ ਕਾਫੀ ਹੱਦ ਤਕ ਸਫਲਤਾ ਹਾਸਲ ਕੀਤੀ ਹੈ । ਪੰਜਾਬੀ ਨਾਟਕ ਦਾ ਅਧਿਐਨ ਅਤੇ ਅਧਿਆਪਨ ਕਰਦਿਆਂ ਸਾਨੂੰ ਪੰਜਾਬੀ ਨਾਟਕ ਦੇ ਜਿਨ੍ਹਾਂ ਸਰੋਕਾਰਾਂ, ਸੋਮਿਆਂ ਅਤੇ ਵਿਧੀਆਂ ਦੀ ਪਛਾਣ ਕਰਨੀ ਪੈਂਦੀ ਹੈ ਉਸਦਾ ਸੰਬੰਧ ਪੰਜਾਬੀ ਸਮਾਜ-ਸਭਿਆਚਾਰ ਅਤੇ ਪੰਜਾਬੀ ਲੋਕ-ਧਾਰਾ ਨਾਲ ਜ਼ਰੂਰ ਜੁੜਦਾ ਪ੍ਰਤੀਤ ਹੁੰਦਾ ਹੈ । ਨਾਟਕ ਦੇ ਅਧਿਐਨ ਅਤੇ ਅਧਿਆਪਨ ਲਈ ਪਹਿਲਾਂ ਤਾਂ ਨਾਟਕ ਦੀ ਪੂਰਨਤਾ ਬਾਰੇ ਚਰਚਾ ਕਰਨੀ ਜ਼ਰੂਰੀ ਹੈ ਪੂਰਨਤਾ ਤੋਂ ਭਾਵ ਨਾਟਕ ਦੀ ਲਿਖਤ ਅਤੇ ਉਸਦੀ ਰੰਗਮੰਚ ਉਪਰ ਸਫਲ ਪੇਸ਼ਕਾਰੀ ਦੀਆਂ ਸੰਭਾਵਨਾਵਾਂ । ਲਿਖਤੀ ਪੰਜਾਬੀ ਨਾਟਕ ਦਾ ਇਤਿਹਾਸ ਭਾਵੇਂ ਸਿਰਫ ਸੌ ਸਾਲ ਪੁਰਾਣਾ ਹੈ ਪਰ ਰੰਗਮੰਚੀ ਪੇਸ਼ਕਾਰੀ ਦੀਆਂ ਜੁਗਤਾਂ ਅਤੇ ਅਦਾਕਾਰੀ ਦੀਆਂ ਵਿਧੀਆਂ ਦਾ ਸੋਮਾ ਬਹੁਤ ਪੁਰਾਣਾ ਹੈ । ਇਨ੍ਹਾਂ ਦੋਹਾਂ ਪੱਖਾਂ ਦਾ ਸੰਯੁਕਤ ਅਧਿਐਨ ਅਤੇ ਅਧਿਆਪਨ ਸਮੁੱਚੇ ਨਾਟਕ ਦੀ ਸਮਝ ਵਾਸਤੇ ਕਾਰਗਰ ਸਾਬਤ ਹੁੰਦਾ ਹੈ ।